ਦੁਸਿਹਰਾ ਬੰਦ ਕਰੋ



ਲੇਖਕ : ਬੀਬੀ ਰਜਿੰਦਰ ਕੌਰ ਪੰਨੂੰ

ਪਰਮ ਪੂਜਕ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਮਹਾਰਾਜ
ਜੀ ਨੂੰ ਸਪ੍ਰੇਮ ਭੇਟ,

ਵੱਲੋਂ: ਹਰਜਿੰਦਰ ਕੌਰ "ਰਸ਼ਮੀ"
ਮਿਤੀ ਮਾਰਚ 8, 2015

ਦੁਸਿਹਰਾ ਬੰਦ ਕਰੋ

ਦੁਸਿਹਰਾ ਬੰਦ ਕਰੋ

ਲੇਖਕ :

ਬੀਬੀ ਰਜਿੰਦਰ ਕੌਰ ਪੰਨੂੰ

ਮੋ: 95013-92150

ਸੰਪਾਦਕ :
ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ
ਮੋ. : 94636-60990

ਲੇਖਕ :ਬੀਬੀ ਰਜਿੰਦਰ ਕੌਰ ਪੰਨੂ
ਸ੍ਰੀ ਭੈਣੀ ਸਾਹਿਬ, ਲੁਧਿਆਣਾ।
ਮੋਬਾਇਲ : 95013-92150

ਪਹਿਲੀ ਵਾਰ : ਮਾਰਚ, 2015

ਕੀਮਤ : 100/- ਰੁਪਏ

ਏਸੇ ਕਲਮ ਤੋਂ :

ਬੋਲਦਾ ਬੋਲਦਾ ਚੁੱਪ ਹੋ ਗਿਆ

ਛਾਪਕ :
ਆਈਕੋਨ ਪ੍ਰਿੰਟਰਜ਼, ਰਾਮ ਨਗਰ, ਲੁਧਿਆਣਾ
(ਮੋ.) : 98724-04050
ਈ-ਮੇਲ: iconprinters09@yahoo.in

ਸਮਰਪਣ

ਆਪਣੀ ਸਵਰਗਵਾਸੀ ਛੋਟੀ ਭੈਣ ਚੰਨਪ੍ਰੀਤ ਨੂੰ ਜੋ ਜ਼ਿੰਦਗੀ ਦੇ 13 ਸਾਲ 17 ਦਿਨ ਜੀ ਕੇ ਕੈਂਸਰ ਦੀ ਨਾ-ਮੁਰਾਦ ਬਿਮਾਰੀ ਨਾਲ ਲੜਦੀ ਦੁਨੀਆਂ ਨੂੰ ਅਲਵਿਦਾ ਕਹਿ ਗਈ। ਮੇਰੇ ਬੱਚਿਆਂ ਨੂੰ ਮਾਸੀ ਦੀ ਘਾਟ ਹਮੇਸ਼ਾਂ ਰੜਕਦੀ ਰਹੇਗੀ।

ਭੂਮਿਕਾ

ਦਿਲ ਦੀਆਂ ਗਹਿਰਾਈਆਂ ਵਿੱਚੋਂ ਨਿਕਲੇ ਹੋਏ ਸ਼ਬਦ ਜਦੋਂ ਕਾਗਜ਼ ਦੀ ਹਿੱਕ ਉੱਤੇ ਲਿਖੇ ਜਾਂਦੇ ਹਨ। ਤਾਂ ਕਵਿਤਾ, ਗੀਤ, ਗਜ਼ਲ ਆਦਿ ਕਈ ਹੋਰ ਕਾਵਿ ਵੰਨਗੀਆਂ ਦੀ ਉਤਪਤੀ ਹੁੰਦੀ ਹੈ। ਸਮਾਜ ਦੀਆਂ ਬੁਰਾਈਆਂ, ਕੁਰੀਤੀਆਂ, ਮਾਨਸਿਕ ਗੁੰਝਲਾਂ ਨੂੰ ਜਦੋਂ ਕੋਈ ਸ਼ਾਇਰ ਆਪਣੀਆਂ ਨਿਗਾਹਾਂ ਨਾਲ ਤੱਕਦਾ ਹੈ ਤਾਂ ! ਉਸਦਾ ਮਾਸੂਮ ਦਿਲ ਕੁਰਲਾ ਉੱਠਦਾ ਹੈ। ਦਿਲ ਦੀ ਕੁਰਲਾਹਟ ਵਿੱਚੋਂ ਸ਼ਬਦਾਂ ਦਾ ਵਲਵਲਾ ਉੱਠਦਾ ਹੈ ਜੋ ਕਵਿਤਾ ਦਾ ਰੂਪ ਧਾਰਨ ਕਰਦਾ ਹੈ। ਅਸਲ ਕਵਿਤਾ ਉਹ ਹੁੰਦੀ ਹੈ ਜਿਸਨੂੰ ਪੜ੍ਹ ਕੇ ਸੁਣ ਕੇ ਪੜ੍ਹਨ ਵਾਲੇ ਨੂੰ ਜਾਂ ਸੁਣਨ ਵਾਲੇ ਨੂੰ ਇੰਝ ਪ੍ਰਤੀਤ ਹੋਵੇ ਜਿਵੇਂ ਸਾਰਾ ਕੁੱਝ ਉਸ ਦੀਆਂ ਅੱਖਾਂ ਸਾਹਮਣੇ ਹੋਇਆ ਹੋਵੇ। ਭਾਵ ਕਿ ਕਵਿਤਾ ਵਿੱਚ ਇੰਨੀ ਸੱਚਾਈ ਤੇ ਰਸ ਹੋਵੇ ਕਿ ਸੁਣਨ ਵਾਲੇ ਦੀ ਸੋਚ ਉਸ ਕਵਿਤਾ ਵਿੱਚ ਹੀ ਲੀਨ ਹੋ ਜਾਵੇ। ਜਿਸ ਕਵਿਤਾ ਨੂੰ ਵਾਰ-ਵਾਰ ਪੜ੍ਹਨ ਨੂੰ ਦਿਲ ਕਰੇ, ਵਾਰ-ਵਾਰ ਸੁਣਨ ਨੂੰ ਦਿਲ ਕਰੇ ਅਸਲ ਵਿੱਚ ਉਹੀ ਕਵਿਤਾ ਸਰੋਤਿਆਂ ਦੀ ਨਿਗ੍ਹਾ ਵਿੱਚ ਪ੍ਰਵਾਨ ਹੁੰਦੀ ਹੈ। ਇਸ ਤਰ੍ਹਾਂ ਦੀਆਂ ਕਵਿਤਾਵਾਂ ਦੀ ਸਿਰਜਣਾ ਕਰਨ ਵਾਲੀ ਲੇਖਿਕਾ 'ਰਜਿੰਦਰ ਕੌਰ ਪੰਨੂੰ' ਆਪਣੀ ਪਲੇਠੀ ਪੁਸਤਕ 'ਬੋਲਦਾ ਬੋਲਦਾ ਚੁੱਪ ਹੋ ਗਿਆ' ਪਾਠਕਾਂ ਦੀ ਝੋਲੀ ਵਿੱਚ ਪਾ ਚੁੱਕੀ ਹੈ। ਹੁਣ ਉਸ ਦੀ ਦੂਸਰੀ ਪੁਸਤਕ 'ਦੁਸ਼ਹਿਰਾ ਬੰਦ ਕਰੋ' ਪਾਠਕਾਂ ਦੇ ਹੱਥਾਂ ਵਿੱਚ ਆਈ ਹੈ। ਇਸ ਪੁਸਤਕ ਵਿੱਚ ਵੀ ਰਜਿੰਦਰ ਕੌਰ ਪੰਨੂੰ ਨੇ ਸਮਾਜਿਕ ਬੁਰਾਈਆਂ ਵਿਰੁੱਧ ਆਪਣੀ ਕਲਮ ਦੀ ਅਜ਼ਮਾਇਸ਼ ਕੀਤੀ ਹੈ। ਕਹਿੰਦੇ ਹਨ ਕਿ ਤਲਵਾਰ ਨਾਲੋਂ ਜ਼ਿਆਦਾ ਕਲਮ ਦੀ ਮਾਰ ਹੁੰਦੀ ਹੈ। ਰਜਿੰਦਰ ਕੌਰ ਪੰਨੂੰ ਦੀ ਕਲਮ ਸਮਾਜ ਦੇ ਦੋਖੀਆਂ ਵਾਸਤੇ ਤਲਵਾਰ ਦਾ ਹੀ ਕੰਮ ਕਰਦੀ ਹੈ। ਸਮਾਜ ਦੇ ਲੋਕ ਤਾਂ ਇੱਕ ਰਾਵਣ ਦਾ ਪੁਤਲਾ ਹਰੇਕ ਸਾਲ ਜਲਾਈ ਜਾਂਦੇ ਹਨ। ਪਰ ਰਜਿੰਦਰ ਕੌਰ ਪੰਨੂੰ ਦੀ ਕਲਮ ਅਜੋਕੇ ਸਮੇਂ ਵਿੱਚ ਜੋ ਜਿਉਂਦੇ ਜਾਗਦੇ ਰਾਵਣ ਹਨ, ਉਹਨਾਂ ਨੂੰ ਸਾੜਨ ਦੀ ਗੱਲ ਕਰਦੀ ਹੈ।

ਅਸੀਂ ਦੁਨੀਆਂ ਵਾਲੇ ਜੁਗਾਂ ਪੁਰਾਣੀ ਰੀਤ ਹੁਣ ਤੱਕ ਨਿਭਾਉਂਦੇ ਹਾਂ,
ਜਿਸਨੂੰ ਵੇਖਿਆ ਹੀ ਨਹੀਂ ਉਸਦੇ ਪੁਤਲੇ ਜਲਾਉਂਦੇ ਹਾਂ।
ਦੁਸ਼ਹਿਰਾ ਬੰਦ ਕਰੋ ਪੁਤਲੇ ਨਾ ਸਾੜੋ,
ਜਿਉਂਦੇ ਜਾਗਦੇ ਰਾਵਣ ਮਾਰੋ।

ਰਜਿੰਦਰ ਕੌਰ ਪੰਨੂੰ ਦੀ ਹਰੇਕ ਕਵਿਤਾ ਵਿੱਚੋਂ ਧੀਆਂ ਦੀ ਕੂਕ ਤੇ ਗਰੀਬਾਂ ਦੀ ਹੂਕ ਸੁਣਾਈਂ ਦਿੰਦੀ ਹੈ । ਇਹ ਹੂਕ ਸਮਾਜ ਦੇ ਸਤਾਏ ਹੋਏ ਲੋਕਾਂ ਦੀ ਹੈ । ਇਹ ਕੂਕ ਕੁੱਖ ਵਿੱਚ ਮਾਰੀ ਗਈ ਤੇ ਦਾਜ ਦੀ ਖ਼ਾਤਰ ਸਾੜੀ ਗਈ ਧੀ ਦੀ ਹੈ । ਇਹ ਕੂਕ ਮਾਂ ਦੇ ਗਰਭ ਵਿੱਚ ਪਲਦੀ ਹੋਈ ਇੱਕ ਬੱਚੀ ਦੀ ਹੈ ਜੋ ਕੁਰਲਾ-ਕੁਰਲਾ ਕੇ ਆਪਣੀ ਮਾਂ ਨੂੰ ਆਖਦੀ ਹੈ, ਮਾਂ ਮੈਨੂੰ ਕੁੱਖ ਵਿੱਚ ਨਾ ਮਾਰੀਂ !

ਨੀ ਨਾਰੀ, ਨਾ ਬਣ ਹਤਿਆਰੀ,
ਆਪਣਿਆਂ ਦੇ ਵਿਸ਼ਵਾਸ ਦਾ ਖ਼ੂਨ ਕਰਕੇ,
ਨਾ ਬਣ ਹਤਿਆਰੀ।

ਕਿਧਰੇ ਪੈਸੇ ਦੀ ਖ਼ਾਤਰ ਮਾਂ-ਬਾਪ ਆਪਣੀਆਂ ਧੀਆਂ ਨੂੰ ਬੁੱਢੇ ਵਰ ਦੇ ਲੜ ਲਾ ਕੇ ਵਿਦੇਸ਼ਾਂ ਵਿੱਚ ਭੇਜਦੇ ਹਨ । ਧੀ ਦੀਆਂ ਸਧਰਾਂ ਨੂੰ ਮਿੱਟੀ ਵਿੱਚ ਰੋਲਦੇ ਹਨ। ਕਿਧਰੇ ਨੇਤਾ ਲੋਕ ਵੋਟਾਂ ਤੋਂ ਪਹਿਲਾਂ ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ ਲੋਕਾਂ ਨੂੰ ਭਰਮਾਉਂਦੇ ਹਨ ਤੇ ਬਾਅਦ ਵਿੱਚ ਮੁਕਰ ਜਾਂਦੇ ਹਨ । ਕਿਧਰੇ ਜਨਮ ਦੇਣ ਵਾਲੀ ਮਾਂ ਅੱਜ ਆਪਣੀ ਔਲਾਦ ਹੱਥੋਂ ਹੀ ਤੰਗ ਹੈ । ਭਾਰਤੀ ਮੁਟਿਆਰ ਸਿਰ ਉੱਤੇ ਚੁੰਨੀ ਲੈਣੀ ਚੰਗੀ ਨਹੀਂ ਸਮਝਦੀ। ਲੱਸੀ ਦੀ ਥਾਂ ਦਾਰੂ, ਰੋਟੀ ਦੀ ਥਾਂ ਬਰਗਰ, ਪਾਠ ਪੂਜਾ ਦੀ ਥਾਂ ਕੈਫ਼ੇ ਜਾਣਾ ਅੱਜਕਲ੍ਹ ਭਾਰਤੀ ਮੁਟਿਆਰ ਦਾ ਸ਼ੌਂਕ ਹੈ । ਇਸ ਤਰ੍ਹਾਂ ਦੀਆਂ ਬੁਰਿਆਈਆਂ ਨੂੰ ਮੁੱਖ ਰੱਖ ਕੇ ਲਿਖੀਆਂ ਹੋਈਆਂ ਰਜਿੰਦਰ ਕੌਰ ਪੰਨੂੰ ਦੀਆਂ ਕਵਿਤਾਵਾਂ ਮਨੁੱਖੀ ਮਨ ਨੂੰ ਹਲੂਣ ਕੇ ਰੱਖ ਦਿੰਦੀਆਂ ਹਨ। ਸਾਡੇ ਪੁਰਾਣੇ ਸੱਭਿਆਚਾਰ ਦੀਆਂ ਨਿਸ਼ਾਨੀਆਂ ਚੁੱਲ੍ਹਾ, ਤੰਦੂਰ, ਚਾਟੀ, ਮਧਾਣੀ, ਛੰਨਾ, ਗਾਗਰ, ਘੜਾ, ਭੜੋਲੀ, ਆਲਾ ਛਿੱਕੂ, ਸੰਦੂਕ, ਪੱਖੀ, ਚਰਖਾ, ਭੂਕਣਾ, ਲੋਹ, ਅੰਗੀਠੀ, ਬਿੰਨੂੰ, ਖ਼ੂਹ ਟਿੰਡਾ ਦੀ ਥਾਂ ਅੱਜ ਮਾਡਰਨ ਚੀਜਾਂ ਆ ਗਈਆ ਹਨ । ਪੁਰਾਣੇ ਸਮੇਂ ਵਿੱਚ ਗੀਤ ਸੁਣੇ ਜਾਂਦੇ ਸਨ । ਹੁਣ ਗੀਤ ਵੇਖੇ ਜਾਂਦੇ ਹਨ ਲਚਰ ਗੀਤ, ਅੱਧ ਨੰਗੀਆਂ ਕੁੜੀਆਂ ਦਾ ਨਾਚ, ਬੇਸੁਰੇ ਗਾਇਕਾਂ ਦਾ ਗਾਉਣਾ, ਬੇਹੁਦੇ ਗੀਤਾਂ ਦੀ ਚੋਣ ਪੰਜਾਂ ਦਰਿਆਵਾਂ ਦੀ ਧਰਤੀ ਪੰਜਾਬ ਦੇ ਮੱਥੇ ਉਤੇ ਇੱਕ ਕਲੰਕ ਹੈ ।ਤਾਹੀਂ ਤਾਂ ਰਜਿੰਦਰ ਕੌਰ ਪੰਨੂੰ ! ਆਖਦੀ ਹੈ ਇਹੋ ਜਿਹੇ ਗਾਇਕਾਂ ਤੇ ਗੀਤਕਾਰਾਂ 'ਤੇ ਬੈਨ ਲੱਗਣੇ ਚਾਹੀਦੇ ਹਨ ।

ਗਾਇਕ ਆਪ ਤਾਂ ਕੋਟ ਪੈਂਟ ਪਾਉਂਦੇ ਨੇ,
ਕੁੜੀ ਨੂੰ ਲੱਤਾਂ ਬਾਹਾਂ ਤੋਂ ਨੰਗਿਆਂ ਵਿਖਾਉਂਦੇ ਨੇ।
ਅਖ਼ੀਰ ਉਹ ਭਗਤ ਸਿੰਘ ਦੇ ਫੈਨ ਬਣਦੇ ਨੇ,
ਮੇਰੇ ਹਿਸਾਬ ਨਾਲ ਐਹੋ ਜਿਹੇ ਗਾਇਕਾਂ 'ਤੇ ਬੈਨ ਬਣਦੇ ਨੇ।

ਭਾਰਤੀ ਸਨੇਮਿਆਂ ਵਿੱਚ ਲੱਗ ਰਹੀਆਂ ਫਿਲਮਾਂ ਨੌਜਵਾਨਾਂ ਨੂੰ ਰਾਹ ਤੋਂ ਕੁਰਾਹੇ ਪਾ ਰਹੀਆਂ ਹਨ। ਅੱਜਕਲ੍ਹ ਫ਼ਿਲਮਾਂ ਦੇ ਨਾਂ

ਜਿਸਮ ਵਨ, ਜਿਸਮ ਟੂ,
ਮਰਡਰ ਵਨ, ਮਰਡਰ ਟੂ,
ਡਰਟੀ ਪਿਕਚਰ ! ਵਗੈਰਾ ਵਗੈਰਾ ਰੱਖੇ ਜਾਂਦੇ ਹਨ।

ਦੱਸੋ ਇਸ ਤਰ੍ਹਾਂ ਦੀਆਂ ਫ਼ਿਲਮਾਂ ਨੌਜਵਾਨਾਂ ਨੂੰ ਕੀ ਸੇਧ ਦੇਣਗੀਆਂ। ਪੰਜਾਬ ਦੇ ਸਨੇਮਿਆਂ ਵਿੱਚ ਵਾਪਰ ਰਹੇ ਇਸ ਦੁਖਾਂਤ ਤੋਂ ਤੰਗ ਆ ਕੇ ਰਜਿੰਦਰ ਕੌਰ ਪੰਨੂੰ ਦੀ ਕਲਮ ਨੂੰ ਮਜ਼ਬੂਰ ਹੋ ਕੇ ਲਿਖਣਾ ਪਿਆ।

ਹਰ ਫ਼ਿਲਮ ਵਿੱਚ ਕਹਾਣੀ ਦੀ ਮੰਗ ਅੰਗ ਪ੍ਰਦਰਸ਼ਨ,
ਇਹ ਫ਼ਿਲਮਾਂ ਨੌਜਵਾਨ ਪੀੜ੍ਹੀ ਲਈ ਕਿਵੇਂ ਸਾਬਤ ਹੋਣਗੀਆਂ,
ਸਹੀ ਮਾਰਗ ਦਰਸ਼ਨ, ਸਹੀ ਮਾਰਗ ਦਰਸ਼ਨ।

ਹੇ ਰੱਬਾ ਘਰ-ਘਰ ਵਿੱਚ ਸਰਵਣ ਵਰਗੇ ਪੁੱਤਰ ਹੋਵਣ ! ਪਿਉ ਦਾ ਗਲਾ ਘੁੱਟਣ ਵਾਲਾ ਪੁੱਤਰ ਕਿਸੇ ਘਰ ਵਿੱਚ ਨਾ ਪੈਦਾ ਹੋਵੇ। ਮਾਂ ਦੇ ਗਲੇ ਛੁਰੀ ਚਲਾਉਣ ਵਾਲੇ ਪੁੱਤਰ ਨੂੰ ਲੱਖ ਲਾਹਨਤ। ਜਿਸ ਘਰ ਵਿੱਚ ਸਰਵਣ ਵਰਗੇ ਪੁੱਤਰ ਹਨ, ਉਹ ਘਰ ਸਵਰਗ ਦਾ ਰੂਪ ਹਨ ।

ਉਥੇ ਮਾਪੇ ਸਰਵਣਾਂ ਲਈ ਕਿਉਂ ਤਰਸਣ,
ਜੇ ਕਿਤੇ ਘਰ ਘਰ ਹੋਣ ਸਰਵਣ,
ਉਥੇ ਖੁਸ਼ੀਆਂ ਦੇ ਮੇਘ ਵਰਸਣ,
ਉਥੇ ਖੁਸ਼ੀਆਂ ਦੇ ਮੇਘ ਵਰਸਣ।

ਪ੍ਰਸਿੱਧ ਦਾਗਸਤਾਨੀ ਲੇਖਕ ਰਸੂਲ ਹਮਜਾਂ ਦੇ ਕਥਨ ਅਨੁਸਾਰ ਲੇਖਕ ਹਰ ਸਮੇਂ ਹਰ ਥਾਂ 'ਤੇ ਆਪਣੀ ਡਿਊਟੀ 'ਤੇ ਹੀ ਹੁੰਦਾ ਹੈ। ਨਾ ਲੇਖਕ ਤੋਂ ਕਵਿਤਾ ਦੂਰ ਹੁੰਦੀ ਹੈ ਤੇ ਨਾ ਲੇਖਕ ਕਵਿਤਾ ਤੋਂ ਦੂਰ ਹੁੰਦਾ ਹੈ। ਰਜਿੰਦਰ ਕੌਰ ਪੰਨੂੰ ਆਪਣੇ

ਪਰੀਵਾਰਕ ਰੁਝੇਵਿਆਂ ਦੇ ਨਾਲ-ਨਾਲ ਬੱਚਿਆਂ ਦੀ ਦੇਖਭਾਲ, ਘਰ ਦੇ ਕੰਮਾਂ ਵਿੱਚ ਪੂਰੀ-ਪੂਰੀ ਰੁਚੀ ਰੱਖਦੀ ਹੋਈ ਵੀ ਕਲਮ ਦਾ ਸਫ਼ਰ ਨਿਰੰਤਰ ਜ਼ਾਰੀ ਰੱਖਦੀ ਆ ਰਹੀ ਹੈ। ਆਪਣੀ ਕਲਮ 'ਤੇ ਨਾਜ਼ ਕਰਦੀ ਹੋਈ ਉਹ ਲਿਖਦੀ ਹੈ।

ਹੱਕ ਲਈ ਲੜਨਾ ਜਾਣਦੀ ਹੈ,
ਧਰਮ ਲਈ ਸੜਨਾ ਜਾਣਦੀ ਹੈ।
ਸੱਚ ਉਗਲਦੀ ਹੈ ਮੇਰੀ ਕਲਮ,
ਇਸਦੀ ਸਿਆਹੀ ਮੁੱਕ ਨਹੀਂ ਸਕਦੀ,
ਸੁੱਕ ਨਹੀਂ ਸਕਦੀ,
ਮੇਰੀ ਕਲਮ ਕਦੇ ਰੁੱਕ ਨਹੀਂ ਸਕਦੀ,
ਮੇਰੀ ਕਲਮ ਕਦੇ ਰੁੱਕ ਨਹੀਂ ਸਕਦੀ।

ਆਮੀਨ

ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ
ਸ਼੍ਰੀ ਭੈਣੀ ਸਾਹਿਬ
ਮੋਬਾਇਲ : 94636-60990

'ਦੁਸਹਿਰਾ ਬੰਦ ਕਰੋ' ਸਮਾਜਿਕ ਬੁਰਾਈਆਂ 'ਤੇ ਕਰਾਰੀ ਚੋਟ

ਜਿੱਥੇ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ, ਉਥੇ ਸਾਹਿਤ, ਸਮਾਜ ਲਈ ਰਾਹ ਦਸੇਰਾ ਵੀ ਹੁੰਦਾ ਹੈ । ਕਵਿਤਰੀ ਰਾਜਿੰਦਰ ਕੌਰ ਪੰਨੂੰ ਦਾ ਨਵਾਂ ਕਾਵਿ ਸੰਗ੍ਰਿਹ 'ਦੁਸਹਿਰਾ ਬੰਦ ਕਰੋ' ਉੱਤੇ ਉਪਰੋਕਤ ਦੋਵੇਂ ਵਿਚਾਰ ਇੰਨ-ਬਿੰਨ ਢੁੱਕਦੇ ਹਨ । ਦੁਸਹਿਰਾ ਬੰਦ ਕਰੋ, ਰਾਜਿੰਦਰ ਕੌਰ ਪੰਨੂੰ ਦੇ ਪਹਿਲੇ ਕਾਵਿ ਸੰਗ੍ਰਿਹ 'ਬੋਲਦਾ ਬੋਲਦਾ ਚੁੱਪ ਹੋ ਗਿਆ' ਤੋਂ ਭਿੰਨ ਕਿਸਮ ਦੀਆਂ ਕਵਿਤਾਵਾਂ ਨਾਲ ਗੁੰਦਿਆਂ ਕਾਵਿ ਸੰਗ੍ਰਿਹ ਹੈ ।

ਕਾਵਿ ਸੰਗ੍ਰਿਹ ਪੜ੍ਹਨ ਤੋਂ ਉਪਰੰਤ ਮਹਿਸੂਸ ਹੁੰਦਾ ਹੈ ਕਿ ਕਵਿਤਰੀ ਰਾਜਿੰਦਰ ਕੌਰ ਪੰਨੂੰ, ਸਾਡੇ ਸਮਾਜ ਵਿੱਚਲੇ ਵਰਤਾਰਿਆਂ ਤੋਂ ਭਲੀ-ਭਾਂਤ ਜਾਗਰੂਕ ਹੈ । ਉਸਨੂੰ ਇਹ ਵਰਤਾਰਿਆਂ ਨੇ ਹੀ, ਜਿਵੇਂ ਕਲਮ ਚੁੱਕਣ ਲਈ ਮਜ਼ਬੂਰ ਕੀਤਾ ਹੋਵੇ । ਆਪਣੇ ਮਨ ਦੇ ਵਲਵਲਿਆਂ ਨੂੰ ਉਸਨੇ ਕਵਿਤਾਵਾਂ ਵਿੱਚ ਢਾਲ ਕੇ 'ਦੁਸਹਿਰਾ ਬੰਦ ਕਰੋ' ਰਾਹੀਂ ਪਾਠਕਾਂ ਦੇ ਰੁਬਰੂ ਕੀਤਾ ਹੈ ।

ਕਵਿਤਰੀ ਇਹ ਮਹਿਸੂਸ ਕਰਦੀ ਹੈ ਕਿ ਸਾਡਾ ਵਿਰਸਾ, ਸਾਡਾ ਪੁਰਾਣਾ ਸੱਭਿਆਚਾਰ, ਸਾਡੇ ਸਮਾਜ ਦੇ ਅਣਮੋਲ ਗਹਿਣੇ ਹੁੰਦੇ ਹਨ । ਅਸੀਂ ਇਹਨਾਂ ਗਹਿਣਿਆਂ ਨੂੰ ਲਾਹਕੇ, ਯੂਰਪੀਅਨ ਸੱਭਿਆਚਾਰ ਦੇ ਪਿੱਛੇ ਲੱਗੇ ਹੋਏ ਹਾਂ । ਆਪਣੇ ਪਹਿਰਾਵੇ, ਆਪਣਾ ਪੰਜਾਬੀ ਖਾਣਾ-ਪੀਣਾ, ਰੀਤੀ-ਰਿਵਾਜ਼ ਛਿੱਕੇ ਟੰਗਕੇ, ਅਸਲ ਰੂਪ ਵਿੱਚ ਗਰੀਬ ਹੋ ਗਏ ਹਾਂ । ਘਰਾਂ ਵਿਚੋਂ ਬੇਬੇ ਦੇ ਸੰਦੂਕ ਕੱਢ ਦਿੱਤੇ ਹਨ ਅਤੇ ਛੋਟੀਆਂ-ਛੋਟੀਆਂ ਹਵੇਲੀਆਂ ਵਿੱਚ ਇਹਨਾਂ ਨੂੰ ਸਜਾ ਕੇ ਅਜਾਇਬ ਘਰਾਂ ਦਾ ਨਾਂ ਦੇ ਦਿੱਤਾ ਹੈ । ਜਿਵੇਂ ਕਵਿਤਰੀ ਲਿਖਦੀ ਹੈ :

ਜੇ ਹਰ ਬੇਬੇ ਦਾ ਸਮਾਨ,
ਘਰ ਵਿੱਚ ਹੀ ਪਿਆ ਰਹਿੰਦਾ ।
ਤਾਂ ਐਡੇ ਪੰਜਾਬ ਦੇ ਵਿਰਸੇ ਨੂੰ
ਇੱਕ ਛੋਟੀ ਜਿਹੀ
ਹਵੇਲੀ ਵਿੱਚ ਨਾ ਸਜਾਉਣਾ ਪੈਂਦਾ ।

ਕਵਿਤਰੀ ਨੇ 'ਦੁਸਹਿਰਾ ਬੰਦ ਕਰੋ' ਕਾਵਿ ਸੰਗ੍ਰਿਹ ਵਿੱਚ ਭਰੂਣ ਹੱਤਿਆ, ਨਸ਼ਿਆਂ ਬਾਰੇ ਵੀ ਕੁੱਝ ਕਵਿਤਾਵਾਂ ਲਿਖੀਆਂ ਹਨ । ਦੇਖੋ ਧੀਆਂ ਬਾਰੇ ਕਵਿੱਤਰੀ ਦੇ ਜ਼ਜ਼ਬਾਤ :

ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸੀਂ ਉਡ ਜਾਣਾ
ਜਦ ਇਹ ਗੀਤ ਕਿਸੇ ਗਾਉਣਾ
ਜਾਂ ਰੇਡਿਓ, ਟੀ.ਵੀ. 'ਤੇ ਆਉਣਾ
ਸੋਚਣਾ ਇੱਕ ਦਿਨ ਮੈਂ ਵੀ ਇਹ
ਗੀਤ ਗਾਵਾਂਗੀ।
ਜਦ ਪਿਆਰੇ ਬਾਬਲ ਦਾ ਘਰ
ਛੱਡ ਕੇ ਜਾਵਾਂਗੀ।

ਕਵਿਤਰੀ ਅਨੁਭਵ ਕਰਦੀ ਹੈ ਕਿ ਅੱਜ ਅਸੀਂ ਜਿੱਥੇ ਨਸ਼ਿਆਂ ਦੇ ਦਰਿਆ ਵਿੱਚ ਰੁੜ੍ਹੇ ਜਾ ਰਹੇ ਹਾਂ ਅਤੇ ਸਾਡੇ ਨੌਜਵਾਨ ਇਸ ਵਿੱਚ ਡੁੱਬਦੇ ਜਾ ਰਹੇ ਹਨ। ਉਥੇ ਸਾਡੇ ਅਮੀਰ ਸੱਭਿਆਚਾਰ ਉੱਤੇ ਹੋ ਰਿਹਾ ਲਚਰ ਗੀਤਾਂ ਦਾ ਹਮਲਾ ਸਾਡੇ ਸਮਾਜ ਲਈ ਮਾਰੂ ਸਿੱਧ ਹੋ ਰਿਹਾ ਹੈ।

ਅੱਜ ਸਾਡੇ ਸਮਾਜ ਵਿੱਚ ਮਨੁੱਖੀ ਆਚਰਣ ਵੀ ਰਸਾਤਲ ਵੱਲ ਜਾ ਰਿਹਾ ਹੈ, ਰੋਜ਼ ਆਤਮ-ਹੱਤਿਆਵਾਂ, ਬਲਾਤਕਾਰ, ਤੇਜ਼ਾਬ ਸੁੱਟਣ ਦੀਆਂ ਦੁਰਘਟਨਾਵਾਂ ਵਾਪਰ ਰਹੀਆਂ ਹਨ। ਕਵਿਤਰੀ ਮਹਿਸੂਸ ਕਰਦੀ ਹੈ ਕਿ ਜਿਸ ਰਾਵਣ ਨੂੰ ਅਸੀਂ ਦੇਖਿਆ ਨਹੀਂ, ਉਸਨੂੰ ਅਸੀਂ ਰੋਜ਼ ਸਾੜਦੇ ਹਾਂ, ਜਿਹੜੇ ਰਾਵਣ ਸਾਡੇ ਸਮਾਜ ਵਿੱਚ ਅੱਜ ਹੀ ਜਿਊਂਦੇ ਫਿਰਦੇ ਹਨ, ਹੰਕਾਰੇ ਫਿਰਦੇ ਹਨ, ਉਹਨਾਂ ਨੂੰ ਕੋਈ ਨਹੀਂ ਪੁੱਛਦਾ। ਆਓ ਉਸ ਰਾਵਣ ਦਾ ਦੁਸਹਿਰਾ ਬੰਦ ਕਰੀਏ ਅਤੇ ਜਿਊਂਦੇ, ਜਾਗਦੇ ਰਾਵਣਾਂ ਨੂੰ ਸਾੜੀਏ।

ਕਵਿਤਰੀ ਨੇ ਜੋ ਸਮਾਜਿਕ ਵਿਸ਼ੇ ਲੈ ਕੇ ਆਪਣੀ ਪੁਸਤਕ 'ਦੁਸਹਿਰਾ ਬੰਦ ਕਰੋ' ਵਿੱਚ ਕਵਿਤਾਵਾਂ ਦੁਆਰਾ ਪੇਸ਼ ਕੀਤੇ ਹਨ, ਉਸ ਲਈ ਉਹ ਸ਼ਲਾਘਾ ਦੀ ਪਾਤਰ ਹੈ। ਆਓ 'ਦੁਸਹਿਰਾ ਬੰਦ ਕਰੋ' ਦਾ ਸਵਾਗਤ ਕਰੀਏ।

ਮਾ: ਤੇਲੂਰਾਮ ਕੁਹਾੜਾ
ਪਿੰਡ ਤੇ ਡਾਕਖਾਨਾ ਕੁਹਾੜਾ
ਜ਼ਿਲ੍ਹਾ ਲੁਧਿਆਣਾ

ਆਪਣੇ ਵੱਲੋਂ

ਜਦੋਂ ਦਾ 21ਵੀਂ ਸਦੀ ਵਿੱਚ ਪੈਰ ਧਰਿਆ ਹੈ, ਮਨੁੱਖੀ ਜੀਵਨ ਵਿੱਚ ਹਰ ਪਲ ਤਬਦੀਲੀ ਹੋ ਰਹੀ ਹੈ । ਮੋਬਾਇਲ, ਇੰਟਰਨੈਟ ਅਤੇ ਮੀਡੀਆ ਸਾਡੇ ਜੀਵਨ ਉੱਪਰ ਪੂਰੀ ਤਰ੍ਹਾਂ ਭਾਰੂ ਹੈ । ਸਾਡਾ ਰਹਿਣ-ਸਹਿਣ, ਸਾਡੇ ਤਿਉਹਾਰ, ਸਾਡੇ ਰਿਵਾਜ਼, ਸਾਡਾ ਖਾਣ-ਪੀਣ, ਸਾਡਾ ਆਲਾ-ਦੁਆਲਾ ਪੂਰੀ ਤਰ੍ਹਾਂ ਬਦਲ ਚੁੱਕਾ ਹੈ । ਜੇਕਰ ਅਸੀਂ ਆਪਣੇ ਬਚਪਨ ਵੱਲ ਝਾਤੀ ਮਾਰੀਏ ਅਤੇ ਦੂਜੇ ਪਾਸੇ ਅੱਜ ਦੇ ਬਚਪਨ ਨੂੰ ਵੇਖੀਏ ਤਾਂ ਏਦਾਂ ਲੱਗਦਾ ਹੈ ਕਿ ਅਸੀਂ ਕਿੰਨੇ ਭੋਲੇ-ਭਾਲੇ ਅਤੇ ਨਿਰਛੱਲ ਜੀਵਨ ਵਿੱਚ ਬਚਪਨ ਗੁਜ਼ਾਰਿਆ ਹੈ ਅਤੇ ਅੱਜ ਦਾ ਬੱਚਾ ਕਿੰਨਾ ਹੁਸ਼ਿਆਰ, ਚੇਤੰਨ, ਚਲਾਕ ਹੈ। ਜਿਸ ਤਰ੍ਹਾਂ ਕੋਈ ਤੁਰਦਾ ਫਿਰਦਾ ਕੰਪਿਊਟਰ ਹੋਵੇ । ਅੱਜ ਦਾ ਬੱਚਾ ਜਵਾਨੀ ਦੀ ਦਹਿਲੀਜ਼ ਉੱਤੇ ਪੈਰ ਰੱਖਣ ਤੋਂ ਪਹਿਲਾਂ ਹੀ ਜਵਾਨ ਹੋ ਜਾਂਦਾ ਹੈ । ਉਹ ਬਲਾਤਕਾਰ ਜਿਹੀਆਂ ਘਟਨਾਵਾਂ ਸੁਣਦਾ ਅਤੇ ਵੇਖਦਾ ਹੋਇਆ ਵੱਡਾ ਹੋ ਰਿਹਾ ਹੈ। ਟੀ.ਵੀ. ਜਾਂ ਫ਼ਿਲਮਾਂ ਵਿੱਚ ਵੱਧ ਰਹੇ ਨੰਗੇਜ਼ ਨੂੰ ਉਹ ਬੜੀ ਉਤਸੁਕਤਾ ਨਾਲ ਵੇਖਦਾ ਹੈ । ਪਟਿਆਲਾ ਪੈੱਗ ਅਤੇ ਗਲਾਸੀ ਵਰਗੇ ਗੀਤ ਸੁਣਕੇ-ਵੇਖਕੇ ਉਹ ਵੀ ਅਜਿਹਾ ਕਰਨ ਲਈ ਉਤਾਵਲਾ ਹੋ ਰਿਹਾ ਹੈ । ਗੱਲ ਕੀ ਅਜਿਹੇ ਪ੍ਰਦੂਸ਼ਿਤ ਵਾਤਾਵਰਣ ਵਿੱਚ ਬਚਪਨ ਵੱਡਾ ਹੋ ਰਿਹਾ ਹੈ । ਸਾਡੀ ਸੰਸਕ੍ਰਿਤੀ, ਸੱਭਿਆਚਾਰ, ਵਿਰਸਾ ਇਹ ਸਭ ਉਸਦੀ ਸਮਝ ਤੋਂ ਬਾਹਰ ਦੇ ਸ਼ਬਦ ਹਨ ।

ਜਦੋਂ 2012 ਵਿੱਚ 16 ਦਸੰਬਰ ਨੂੰ ਦਿੱਲੀ ਵਿੱਚ ਦਾਮਿਨੀ ਕਾਂਡ ਹੋਇਆ ਤਾਂ ਦਿਨ ਰਾਤ ਅਖ਼ਬਾਰਾਂ ਅਤੇ ਨਿਊਜ਼ ਚੈਨਲਾਂ ਉੱਪਰ ਬਲਾਤਕਾਰ ਸ਼ਬਦ ਨੂੰ ਲੱਖਾਂ ਵਾਰ ਬੋਲਿਆ ਗਿਆ ਤਾਂ ਮੇਰੀ 12 ਸਾਲ ਦੀ ਬੇਟੀ ਅਤੇ 8 ਸਾਲ ਦੇ ਬੇਟੇ ਨੇ ਜਦੋਂ ਮੈਨੂੰ ਇਹ ਪੁੱਛਿਆ ਕਿ ਬਲਾਤਕਾਰ ਕੀ ਹੁੰਦਾ ਹੈ ? ਤਾਂ ਮੇਰੇ ਕੋਲ ਉਨ੍ਹਾਂ ਨੂੰ ਬਲਾਤਕਾਰ ਦੇ ਅਰਥ ਸਮਝਾਉਣ ਲਈ ਕੋਈ ਸ਼ਬਦ ਨਹੀਂ ਸੀ । ਮੈਂ ਬੱਚਿਆਂ ਨੂੰ ਕਿਹਾ, ਵੱਡੇ ਹੋਵੋਗੇ ਤਾਂ ਪਤਾ ਲੱਗ ਜਾਵੇਗਾ । ਤਾਂ ਮੇਰੇ ਬੇਟੇ ਨੇ ਮੈਨੂੰ ਕਿਹਾ, ਹੁਣ ਸਾਨੂੰ ਕਿਉਂ ਨਹੀਂ ਪਤਾ ਲੱਗ ਸਕਦਾ । ਤਾਂ ਮੈਂ ਆਪਣੇ ਆਪ ਨਾਲ ਝੁੰਝਲਾ ਗਈ । ਉਸੇ ਰਾਤ ਮੇਰੇ ਅੰਦਰ ਖੁੱਲ੍ਹੀ ਅਤੇ ਨਿੱਕੀ ਕਵਿਤਾ ਨੇ ਜਨਮ ਲਿਆ ਤਾਂ ਮੈਂ ਪਹਿਲੀ ਕਵਿਤਾ 'ਦੁਸ਼ਹਿਰਾ ਬੰਦ ਕਰੋ' ਲਿਖੀ । ਮੈਂ ਔਰਤ ਅਤੇ ਮਰਦ ਨੂੰ ਵੱਖ-ਵੱਖ ਪਹਿਲੂਆਂ ਤੋਂ ਪੜਤਾਲਣ ਦੀ ਕੋਸ਼ਿਸ਼ ਕੀਤੀ ਤਾਂ ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਇਕੱਲਾ ਮਰਦ ਹੀ ਰਾਵਣ ਜਾਂ ਦੁਰਯੋਧਨ ਨਹੀਂ ਹੁੰਦਾ ਸਗੋਂ ਔਰਤ ਵੀ ਲੂਣਾਂ ਹੁੰਦੀ

ਹੈ। ਔਰਤ ਆਪਣੇ ਤਨ ਅਤੇ ਮਨ ਨੂੰ ਕਾਬੂ 'ਚ ਰੱਖੇ, ਮਰਦ ਆਪਣੇ ਧਨ ਅਤੇ ਮਨ ਨੂੰ ਬਚਾਵੇ ਤਾਂ ਸੰਤੁਲਨ ਕਾਇਮ ਹੋ ਸਕਦਾ ਹੈ ।

ਇਸ ਤੋਂ ਬਿਨ੍ਹਾਂ ਮੈਂ ਆਪਣੇ ਆਲੇ-ਦੁਆਲੇ ਵੇਖਦੀ ਹਾਂ ਤਾਂ ਮੈਨੂੰ ਆਪਣੇ ਬਚਪਨ ਦਾ ਸਮਾਂ ਵਧੇਰੇ ਸੁਰੱਖਿਅਤ, ਸਹਿਜ, ਸਦਾਚਾਰਕ, ਆਰੋਗ ਅਤੇ ਸੱਭਿਆਚਾਰਕ ਪ੍ਰਤੀਤ ਹੁੰਦਾ ਹੈ । ਬੱਸ ਅਜਿਹੇ ਹੀ ਛੋਟੇ-ਛੋਟੇ ਵਿਸ਼ੇ ਲੈ ਕੇ ਮੈਂ 2 ਸਾਲ ਦੇ ਸਮੇਂ ਵਿੱਚ ਏਨਾ ਕੁ ਲਿਖਣ ਦੇ ਸਮਰੱਥ ਹੋ ਸਕੀ ਹਾਂ ।

ਮੇਰੀ ਹਰ ਕਵਿਤਾ ਮੈਂ ਆਪਣੇਆਪ ਨੂੰ ਜਾਂ ਆਪਣੇ ਆਲੇ-ਦੁਆਲੇ ਨੂੰ ਸੰਬੋਧਨ ਕਰਕੇ ਲਿਖੀ ਹੈ । ਮੈਂ ਕਿਸੇ ਹੋਰ ਕਵੀ ਜਾਂ ਕਵਿਤ੍ਰੀ ਦੀ ਕਵਿਤਾ ਦੀ ਕੋਈ ਨਕਲ ਨਹੀਂ ਕੀਤੀ । ਇਹ ਮੇਰੀ ਆਪਣੀ ਪੀੜ੍ਹਾ ਹੈ, ਮੇਰੇ ਅੰਦਰ ਦੀ ਔਰਤ ਦਾ ਦਰਦ ਹੈ, ਆਪਣੇ ਅਕਸ ਨੂੰ ਹੀ ਮੈਂ ਹਰ ਥਾਂ ਤਾੜਿਆ ਹੈ । ਮੇਰੀ ਹਰ ਕਵਿਤਾ ਦੇ ਪਹਿਲੇ ਸਰੋਤਾ ਮੇਰੇ ਪਤੀ ਸ. ਜਗਦੀਸ਼ ਸਿੰਘ ਅਤੇ ਮੇਰੇ ਦੋਵੇਂ ਬੱਚੇ ਹਨ । ਜੇਕਰ ਮੇਰੇ ਪਤੀ ਮੇਰੀ ਹੌਂਸਲਾ ਅਫਜ਼ਾਈ ਨਾ ਕਰਦੇ ਤਾਂ ਸ਼ਾਇਦ ਮੈਂ ਕਦੇ ਕਵਿਤਾ ਨਾ ਲਿਖ ਸਕਦੀ।

ਮੈਂ ਅਹਿਸਾਨ ਮੰਦ ਹਾਂ ਆਪਣੇ ਪਿਤਾ ਜੀ ਸ. ਹਰਦੇਵ ਸਿੰਘ ਅਤੇ ਮੰਮੀ ਅਵਤਾਰ ਕੌਰ ਦੀ ਜਿਨ੍ਹਾਂ ਨੇ ਮੈਨੂੰ ਪੜ੍ਹਾਇਆ ਅਤੇ ਇਸ ਯੋਗ ਬਣਾਇਆ ਹੈ ਕਿ ਮੈਂ ਚੰਗੇ-ਮਾੜੇ ਦੀ ਤੁਲਨਾ ਕਰ ਸਕਾਂ । ਹਰ ਚੰਗਿਆਈ ਨੂੰ ਅਪਨਾ ਸਕਾਂ ਅਤੇ ਹਰ ਬੁਰਾਈ ਨੂੰ ਤਿਆਗ ਸਕਾਂ । ਇਹ ਮੇਰੇ ਮਾਂ-ਬਾਪ ਦੀ ਹੀ ਸਿੱਖਿਆ ਹੈ ।

ਹੱਥਲੀ ਪੁਸਤਕ ਤੋਂ ਪਹਿਲਾਂ ਮੇਰੀ ਪਲੇਠੀ ਪੁਸਤਕ 'ਬੋਲਦਾ ਬੋਲਦਾ ਚੁੱਪ ਹੋ ਗਿਆ' ਛੱਪ ਚੁੱਕੀ ਹੈ । ਜੋ ਮੈਂ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਕਵਿਤਾ ਅਤੇ ਗੀਤਾਂ ਦੇ ਰੂਪ ਵਿੱਚ ਲਿਖੀ ਸੀ । ਇਹ ਮੇਰੀ ਦੂਸਰੀ ਕਿਤਾਬ ਹੈ । ਮੇਰਾ ਨਿਵਾਸ ਸਥਾਨ ਸ਼੍ਰੀ ਭੈਣੀ ਸਾਹਿਬ ਹੋਣ ਕਰਕੇ ਏਥੋਂ ਦੀ ਸਾਹਿਤ ਸਭਾ ਦੇ ਸਾਰੇ ਮੈਂਬਰਾਂ ਦਾ ਅਤੇ ਕਵੀਸ਼ਰ ਗੁਰਸੇਵਕ ਸਿੰਘ ਦਾ ਮੈਨੂੰ ਪੂਰਨ ਸਹਿਯੋਗ ਮਿਲਦਾ ਹੈ । ਮੈਂ ਸ਼੍ਰੀ ਭੈਣੀ ਸਾਹਿਬ ਸਾਹਿਤ ਸਭਾ ਤੇ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ ਦੀ ਸਦਾ ਰਿਣੀ ਰਹਾਂਗੀ।

ਮੈਂ ਆਸ ਕਰਦੀ ਹਾਂ ਕਿ ਪਾਠਕਾਂ ਨੂੰ ਮੇਰੀ ਕਿਤਾਬ 'ਦੁਸ਼ਹਿਰਾ ਬੰਦ ਕਰੋ' ਪਸੰਦ ਆਏਗੀ । ਮੈਂ ਉਨ੍ਹਾਂ ਦੇ ਸੁਝਾਵਾਂ ਦੀ ਉਡੀਕ ਕਰਾਂਗੀ ।

ਰਜਿੰਦਰ ਕੌਰ ਪੰਨੂੰ

95013-92150

ਤਤਕਰਾ

ਗੁਰੂ ਨਾਨਕ ਦੇਵ ਜੀ

ਨਾਨਕ ਸੀ ਨਾਂ ਉਹਦਾ, ਤ੍ਰਿਪਤਾ ਦਾ ਜਾਇਆ ।
ਕਾਲੂ ਦਾ ਪੁੱਤਰ, ਭੈਣ ਨਾਨਕੀ ਦਾ ਸਾਇਆ ।
ਸੌਦਾ ਵੀਹਾਂ ਵਿੱਚ ਉਹਨੇ, ਸੱਚ ਦਾ ਕਰਾਇਆ ।
ਜਿੱਥੇ ਵੀ ਚਲਾਇਆ ਸਿੱਕਾ, ਨਾਮ ਦਾ ਚਲਾਇਆ ।
ਗਿਆਤਾ ਸੀ ਉਹ ਧੁਰੋਂ, ਹਰ ਵਿੱਦਿਆ ਇਲਮ ਦਾ ।
ਧਨੀ ਸੀ ਮੁੱਢ ਤੋਂ, ਦੁਨਿਆਵੀ ਕਲਮ ਦਾ ।
ਸੰਗੀਤ ਦਾ ਪ੍ਰੇਮੀ ਸੀ ਉਹ ਬਾਣੀ ਦਾ ਪਿਤਾਮਾ ।
ਦੋ ਉਹਦੇ ਸਾਥੀ ਸਨ ਬਾਲਾ ਮਰਦਾਨਾ ।
ਬੂਟਾ ਲਾ ਕੇ ਸਿੱਖੀ ਦਾ, ਹਿੰਦੂ ਧਰਮ ਤੋਂ ।
ਬਖਸ਼ੇ ਨਹੀਂ ਜਾਣਾ, ਬਿਨ੍ਹਾਂ ਚੰਗੇ ਕਰਮ ਤੋਂ ।
ਮੰਨਿਆ ਖ਼ੁਦਾ ਉਹਨੂੰ ਪਾਰਖੂ ਤੇ ਜੌਹਰੀਆਂ ।
ਚਾਰੇ ਕੂੰਟਾਂ ਦੀਆਂ ਉਸ ਕੀਤੀਆਂ ਫਿਰਦੌਰੀਆਂ ।
ਹਿੰਦੂਆਂ ਦਾ ਰੱਬ ਸੀ, ਅੱਲਾ ਮੁਸਲਮਾਨਾਂ ਦਾ ।
ਭਲਾ ਕੀਤਾ ਕਈ ਉਸ ਰਾਖਸ਼ਾਂ ਸ਼ੈਤਾਨਾਂ ਦਾ ।
ਲਾਲੋ ਦੀ ਰੋਟੀ 'ਚੋਂ ਦੁੱਧ ਚਲਾ ਦਿੱਤਾ ।
ਰੱਬ ਹਰ ਥਾਂ ਦੇ ਸੰਕਲਪ ਨੇ ਮੱਕਾ ਹਿਲਾ ਦਿੱਤਾ ।
ਲੱਖਾਂ ਹੀ ਠੱਗ ਉਹਨੇ ਸੱਜਣ ਬਣਾ ਦਿੱਤੇ ।
ਕੋਹਾਂ ਦੇ ਫਾਸਲੇ ਪਲਾਂ 'ਚ ਜਣਾ ਦਿੱਤੇ ।
ਜੋਗੀਆਂ ਨਾਥਾਂ ਨੂੰ ਉਪਦੇਸ਼ ਦਿੱਤਾ ਗਿਆਨ ਦਾ ।
ਪਰਦਾ ਫਾਸ਼ ਕੀਤਾ ਉਸ ਪਾਖੰਡੀ ਧਿਆਨ ਦਾ ।
ਗਿਆ ਉਹ ਪੱਥਰਾਂ 'ਤੇ ਸ਼ੀਸ਼ਿਆਂ ਦੇ ਸ਼ਹਿਰ ਵਿੱਚ ।
ਸੀ ਵੀ ਨਾ ਕੀਤੀ ਉਸ ਬਾਬਰ ਦੇ ਕਹਿਰ ਵਿੱਚ ।
ਜੋਤ ਨਿਰੰਕਾਰ ਦੀ ਸੀ, ਆਪ ਨਿਰੰਕਾਰ ਸੀ ਉਹ ।
ਹੋਰ ਨਹੀਂ ਸੀ ਕੋਈ ਦੂਜਾ ੧ਓ ਸੀ ਉਹ ।

ਗੁਰੂ ਅਰਜਨ ਦੇਵ ਜੀ

ਜਜ਼ਬਿਆਂ ਦੀ,
ਰੂਹ ਦੀ ਆਤਮਾ ਦੀ,
ਮਨ ਦੀ ਦਲੇਰੀ।
ਦੇਹ ਨੂੰ ਸਮਝਣਾ ਮਿੱਟੀ ਦੀ ਢੇਰੀ।
ਦੇਸ਼ ਜਾਂ ਧਰਮ ਲਈ ਮਰਨ ਦਾ, ਝੱਲ ਹੈ ਸ਼ਹਾਦਤ।
ਜਾਂ ਫਿਰ ਗੁਰੂ ਅਰਜਨ ਦਾ ਦੂਜਾ ਨਾਮ ਹੈ ਸ਼ਹਾਦਤ।
ਤੱਤੀ ਰੇਤ ਜਿਸਮ ਨੂੰ ਲੂੰਹਦੀ,
ਗਰਮ ਹਵਾਵਾਂ ਜੇਠ ਦੀਆਂ।
ਤੇਜ਼ ਧੁੱਪਾਂ ਕਹਿਰ ਦੀਆਂ।
ਕਿਸੇ ਸ਼ਾਂਤੀ ਦੇ ਪੁੰਜ ਨਾਲ ਖਹਿ ਖਹਿ ਜਾਣ।
ਰੇਤ ਦੀਆਂ ਕੰਧਾਂ ਢਹਿ ਢਹਿ ਜਾਣ।
ਮਰਨ ਦੀ ਜਾਚ ਸਿਖਾਣ।
ਸਿਮਰਨ ਦਾ ਵਲ ਸਮਝਾਣ।
ਪਰ ਧਰਮ ਦੀ ਆਨ ਨੂੰ ਸੇਕ ਨਹੀਂ ਲੱਗਣ ਦਿੱਤਾ।
ਕਿਸੇ ਚੰਦੂ ਨੂੰ ਧਰਮ ਦੇ ਨਾਂ 'ਤੇ ਨਹੀਂ ਰੱਜਣ ਦਿੱਤਾ।
ਸ਼ਹੀਦੀ ਨੂੰ ਪਹਿਲਾ ਜਾਗ ਲਾਇਆ,
ਨਾਨਕ ਦੀ ਪੰਜਵੀਂ ਜੋਤ ਨੇ।
ਸ਼ਹੀਦੀ ਨੂੰ ਗੁੜਤੀ ਦਿੱਤੀ ਰਾਵੀ ਕੰਢੇ,
ਕੁਦਰਤ ਸੰਗ ਲੀਨ ਹੋ ਗਏ।
ਪਾਣੀ ਸੰਗ ਪਾਣੀ ਹੋ ਗਏ।
ਅਤੇ ਸ਼ਹੀਦੀਆਂ ਦਾ ਹੜ੍ਹ ਆਇਆ।
ਕਦੇ ਭਾਈ ਦਿਆਲਾ,
ਕਦੇ ਭਾਈ ਤਾਰੂ
ਤੇ ਕਦੇ ਗੁਰੂ ਤੇਗ਼ ਬਹਾਦਰ।

ਸਾਂਭ ਕੇ ਰੱਖੀ ਜਿਨ੍ਹਾਂ ਹਿੰਦ ਦੀ ਚਾਦਰ ।
ਸਿੱਖੀ ਸ਼ਹੀਦੀਆਂ ਦੇ ਜਾਮ ਪੀ ਪੀ,
ਜਵਾਨ ਹੋਈ,
ਸਿਆਣੀ ਹੋਈ ।
ਦੂਣੀ ਹੋਈ,
ਚੌਣੀ ਹੋਈ,
ਪਰ ਕਦੇ ਵੀ ਪਾਣੀ ਪਾਣੀ ਨਾ ਹੋਈ ।
ਮੈਂ ਸਿੱਖੀ ਦੀ ਲਾਜ,
ਸ਼ਹੀਦਾਂ ਦੇ ਸਿਰਤਾਜ,
ਗੁਰੂ ਅਰਜਨ ਦੇਵ ਨੂੰ ਸੀਸ ਝੁਕਾਉਂਦੀ ਹਾਂ ।
ਵਾਰੇ ਵਾਰੇ ਜਾਂਦੀ ਹਾਂ ।
ਵਾਰੇ ਵਾਰੇ ਜਾਂਦੀ ਹਾਂ ।

ਗੁਰੂ ਗੋਬਿੰਦ ਸਿੰਘ ਜੀ

ਕਿਸੇ ਬੁਲੰਦ ਆਵਾਜ਼,
ਸ਼ਕਤੀ ਦੀ ਲਲਕਾਰ ਨੇ ।
ਰੱਤ ਨਾਲ ਭਿੱਜੀ
ਕਲਗੀਧਰ ਦੀ ਤਲਵਾਰ ਨੇ ।
ਬਾਣੀ, ਮਿੱਠਾ, ਬਾਟਾ, ਖੰਡਾ ।
ਸਿੱਖੀ ਸਰੂਪ ਦੇ ਮੁੱਢ ਦਾ ਝੰਡਾ ।
ਜਦ ਲਹਿਰਾਇਆ,
ਤਾਂ ਦਸਮ ਪਾਤਸ਼ਾਹ ਇੰਝ ਫੁਰਮਾਇਆ ।
ਇੱਕ ਬੇ-ਮਜ਼ਹਬ ਕੌਮ ਲਈ ਸਿਰ ਚਾਹੀਦੇ ਨੇ ।
ਵਲ ਮੈਂ ਦੱਸਾਂਗਾ,
ਜ਼ਾਲਮ ਦੇ ਖੱਪਰ ਕਿੰਝ ਲਾਹੀਦੇ ਨੇ ।
ਪੰਜ ਸ਼ੇਰ ਉੱਠੇ ਸੁੱਤੇ ।
ਵੈਸਾਖ ਦੀ ਰੁੱਤੇ ।
ਕੰਘਾ, ਕੜਾ, ਕਿਰਪਾਨ, ਕਛਹਿਰਾ, ਕੇਸ ।
ਪੰਥ ਖਾਲਸਾ ਬਣ ਗਿਆ ਵੇਸ ।
ਚਿੜੀਆਂ ਤੋਂ ਮਰਵਾਏ ਬਾਜ ।
ਰੱਖਣ ਲਈ ਸਿੱਖੀ ਦੀ ਲਾਜ ।
ਪਿਤਾ ਵਾਰਿਆ ਵਾਰੇ ਲਾਲ ।
ਸਮੇਂ ਨੇ ਬਦਲੀ ਐਸੀ ਚਾਲ ।
ਬੰਦੇ ਕਈ ਬਹਾਦਰ ਬਣ ਗਏ ।
ਦੇਸ਼ ਕੌਮ ਦੀ ਚਾਦਰ ਬਣ ਗਏ ।
ਅੰਮ੍ਰਿਤ ਛਕ ਕੇ ਅੰਮ੍ਰਿਤਧਾਰੀ ।
ਇੱਕ ਵੀ ਜੰਗ ਉਨ੍ਹਾਂ ਨਾ ਹਾਰੀ ।
ਸਵਾ ਸਵਾ ਲੱਖ ਨਾਲ ਲੜਿਆ ਇੱਕ ਇੱਕ ।

ਮੁਗ਼ਲ ਤਾਂ ਵਹਿੰਦਾ ਰਹਿ ਗਿਆ ਬਿੱਟ ਬਿੱਟ ।
ਪਰ ਅੱਜ ਇਹ ਕੀ ਹੋ ਰਿਹੈ ?
ਕਿਉਂ ਬੇਦੋਸ਼ਾ ਖ਼ੂਨ ਚੋਂ ਰਿਹੈ ?
ਕਿਹੜਾ ਹੈ ਅੱਜ ਔਰੰਗਜ਼ੇਬ,
ਸਾਰੇ ਪਾਸੇ ਦਗ਼ਾ ਫਰੇਬ,
ਕਿਉਂ ਤੂੰ ਸਿੱਖੀ ਬਾਣੇ ਵਿੱਚ ਵੀ,
ਹਰ ਕਾਲ਼ੀ ਕਰਤੂਤ ਕਰੇਂ ।
ਬਾਹਰੋਂ ਆਖੇਂ ਮਾਣਸ ਹਾਂ ਮੈਂ,
ਅੰਦਰੋਂ ਪੂਰੀ ਛੂਤ ਕਰੇਂ ।
ਹੇ ਦਸ਼ਮੇਸ਼, ਹੇ ਕਲਗੀਧਰ,
ਹੁਣ ਤਾਂ ਨਜ਼ਰ ਮਿਹਰ ਦੀ ਕਰ ।
ਅੱਜ ਨੇ ਲੱਖਾਂ ਔਰੰਗਜ਼ੇਬ,
ਅੱਜ ਤਾਂ ਲੱਖਾਂ ਖਾਂ ਵਜ਼ੀਦ ।
ਅੱਜ ਲੋੜ ਹੈ ਫੇਰ ਸਿਰਾਂ ਦੀ,
ਹੋਣਾ ਪਏਗਾ ਫੇਰ ਸ਼ਹੀਦ ।

ਧੀ ਦੀ ਫਰਿਆਦ

ਚਿੜੀਆਂ ਦਾ ਚੰਬਾ,
ਵਿਹੜੇ ਦੀ ਰੌਣਕ,
ਮਾਂ ਦੀ ਸਖੀ,
ਬਾਪ ਦੀ ਇੱਜਤ,
ਭਰਾਵਾਂ ਦੀ ਲਾਡਲੀ ਪਿਆਰੀ ।
ਪਰ ਫਿਰ ਵੀ ਮੈਨੂੰ ਦੁਨੀਆਂ ਆਖੇ,
ਧੀ ਵਿਚਾਰੀ, ਧੀ ਵਿਚਾਰੀ ।
ਮੈਨੂੰ ਵਿਚਾਰੀ ਬਣਾਇਆ ਤਾਂ ਤੁਸੀਂ ।
ਮੈਨੂੰ ਲਤਾੜਿਆ ਤਾਂ ਸਮਾਜ ਨੇ,
ਮੈਨੂੰ ਢਾਹਿਐ ਤਾਂ ਮਰਦ ਨੇ ।
ਮੈਂ ਨਿਮਾਣੀ ਬਣੀ ਇੱਕ ਸ਼ਰਾਬੀ ਹੱਥੋਂ ।
ਮੈਨੂੰ ਨੋਚ ਨੋਚ ਖਾਧਾ ਗਿਆ,
ਇੱਕ ਨਵਾਬੀ ਹੱਥੋਂ ।
ਮੈਂ ਨਿੱਤ ਨਿੱਤ ਸਾੜੀ ਗਈ ।
ਮੈਂ ਲੀਰ ਲੀਰ ਪਾੜੀ ਗਈ ।
ਮੈਂ ਘਰ, ਸਮਾਜ ਨੂੰ ਸੰਵਾਰਿਆ,
ਮਾਂ, ਪਤਨੀ, ਧੀ ਬਣ ਕੇ ।
ਫਿਰ ਕਿਉਂ ਖੜ੍ਹੇ ਹੋ ਜਾਂਦੇ ਹੋ,
ਮੇਰੇ ਅੱਗੇ ਤਣ ਕੇ ।
ਮੈਂ ਤੁਹਾਡੀ ਹੀ ਅੰਸ਼ ਹਾਂ,
ਤੁਹਾਡਾ ਸਰਬੰਸ ਹਾਂ ।
ਕਿਉਂ ਮਾਰਦੇ ਹੋ,
ਮੈਨੂੰ ਅਣਜੰਮੀ ਨੂੰ ।
ਮੇਰੇ ਪਿਤਾ ਮੈਂ ਤੇਰੀ ਧੀ ਨਹੀਂ ਪੁੱਤਰ ਹਾਂ ।

ਤੇਰੇ ਹਰ ਸਵਾਲ ਦਾ ਉੱਤਰ ਹਾਂ ।
ਮੈਂ ਤੇਰੇ ਸਵਾਂਤੀ ਕੁ ਬੂੰਦ ਦੀ ਉਪਜ ਹਾਂ,
ਮੈਨੂੰ ਮਾਰ ਕੇ ਹੱਥ ਲਾਲ ਨਾ ਕਰ ।
ਧੁਰ ਤੋਂ ਧਿਰ ਤੱਕ ਤੇਰੀ ਹਾਂ ਮੇਰੇ ਪਿਤਾ,
ਤੂੰ ਆਪਣਾ ਬੁਢਾਪਾ ਕੰਗਾਲ ਨਾ ਕਰ ।
ਮੈਨੂੰ ਬਣਾ ਦੇ ਕੋਈ ਡਾਕਟਰ ਜਾਂ ਵਕੀਲ ।
ਫੇਰ ਸੁਣੀਂ ਕਿਤੇ ਮੇਰੀ ਵੀ ਦਲੀਲ ।
ਮੈਂ ਵੀ ਲੜ ਸਕਦੀ ਹਾਂ ਝਾਂਸੀ ਬਣ ਕੇ,
ਸਰਹੱਦ ਤੇ ਜਾ ਕੇ ।
ਚਾਹੇ ਵੇਖ ਲਏ ਦੁਨੀਆਂ ਮੈਨੂੰ ਅਜ਼ਮਾ ਕੇ ।
ਮੇਰੇ ਪਿਤਾ ਮੈਂ ਕਰ ਕੀ ਨਹੀਂ ਸਕਦੀ ?
ਬੱਸ ਜ਼ਿੱਲਤ ਦੀ ਜ਼ਿੰਦਗੀ ਜੀ ਨਹੀਂ ਸਕਦੀ ।
ਮੈਂ ਜਾਨ ਦੇ ਸਕਦੀ ਹਾਂ, ਪਰ ਅਗਨੀ ਪ੍ਰੀਖਿਆ ਨਹੀਂ ਦੇ ਸਕਦੀ ।
ਮੈਨੂੰ ਬੋਝ ਨਾ ਜਾਣ,
ਮੈਂ ਤਾਂ ਤੇਰਾ ਭਾਰ ਉਠਾ ਸਕਦੀ ਹਾਂ ।
ਤੂੰ ਮੇਰੇ ਜਨਮ ’ਤੇ,
ਮਹਿਸੂਸ ਨਾ ਕਰ ਸ਼ਰਮਿੰਦਗੀ ।
ਮੈਨੂੰ ਦੇ ਦੇ ਮੇਰੇ ਹੱਕ,
ਇੱਕ ਖੁਸ਼ੀਆਂ ਭਰੀ ਜ਼ਿੰਦਗੀ ।
ਮੈਨੂੰ ਮਰਨ ਤੋਂ ਬਚਾ ਲੈ ।
ਮੈਨੂੰ ਗਲ਼ ਨਾਲ਼ ਲਾ ਲੈ ।
ਜੇ ਮੈਂ ਹੀ ਮਰ ਗਈ,
ਤਾਂ ਮਾਨਵਤਾ ਕਿਵੇਂ ਜਿਊਂਦੀ ਰਹੇਗੀ ?
ਮਾਨਵਤਾ ਕਿਵੇਂ ਜਿਊਂਦੀ ਰਹੇਗੀ ?

ਵਿਆਹ

ਮੇਰੇ ਗੁਆਂਢੀ ਜੱਟ ਮੁੰਡੇ ਦਾ,
ਬਾਣੀਆਂ ਦੀ ਨਰਸ ਕੁੜੀ ਨਾਲ,
ਹੋ ਰਿਹਾ ਸੀ ਵਿਆਹ ।
ਉਂਝ ਤਾਂ ਸੀ ਸਾਰੇ ਟੱਬਰ ਨੂੰ ਗੋਡੇ ਗੋਡੇ ਚਾਅ ।
ਪਰ ਨਾ ਕੋਈ ਗਾਉਣ,
ਨਾ ਗਿੱਧਾ ਨਾ ਜਾਗੋ ।
ਨਾ ਕੋਈ ਸੁਰਮਾ ਪਵਾਈ, ਨਾ ਕੋਈ ਭਾਬੋ ।
ਗੁਰਦਵਾਰੇ ਲਾਵਾਂ,
ਹੀਰ ਪੈਲੇਸ 'ਚ ਰੋਟੀ ਪਾਣੀ ।
ਸਾਰਿਆਂ ਲਈ ਜ਼ਰੂਰੀ ਸੀ ।
ਕੁੜੀ ਮੁੰਡੇ ਨਾਲ ਫੋਟੋ ਖਿਚਵਾਣੀ ।
ਮੈਨੂੰ ਤਾਂ ਬਾਅਦ 'ਚ ਪਤਾ ਲੱਗਾ,
ਨਕਲੀ ਵਿਆਹ ਸੀ, ਅਸਲੀ ਐਲਬਮ ।
ਨਕਲੀ ਬਰਾਤੀ 'ਤੇ ਅਸਲੀ
ਕਿਉਂਕਿ ਮੁੰਡੇ ਦੇ ਮਾਂ-ਬਾਪ ਨੇ,
ਕੁੜੀ ਦੇ ਜ਼ਰੀਏ ਪੁੱਤ ਨੂੰ ਬਾਹਰ ਕਢਾਉਣਾ ਸੀ ।
ਅਤੇ ਕੁੜੀ ਵਾਲਿਆਂ ਨੇ ਨਕਲੀ ਜਵਾਈ ਰਾਹੀਂ,
ਧੀ ਨੂੰ ਵਿਦੇਸ਼ 'ਚ ਪੜ੍ਹਾਉਣਾ ਸੀ ।

ਰੀੜ ਦੀ ਹੱਡੀ

ਅੱਜਕੱਲ੍ਹ ਜਿੱਧਰ ਵੇਖੋ,
ਹਰ ਜਾਣਕਾਰ ਨੂੰ,
ਹਰ ਰਿਸ਼ਤੇਦਾਰ ਨੂੰ,
ਆਂਢ-ਗੁਆਂਢ,
ਦੂਰ ਦੁਰਾਂਡ,
ਘਰ ਆਏ ਹਰ ਮਹਿਮਾਨ ਨੂੰ,
ਕੀ ਬੁੱਢੇ ਕੀ ਜਵਾਨ ਨੂੰ ।
ਜ਼ਰੂਰ ਹੈ ਡਿਸਕ ਦੀ ਪ੍ਰਾਬਲਮ ।
ਆਖਿਰ ਨਿਕਲ਼ ਜਾਂਦਾ ਦਮ ।
ਜਿਸਨੂੰ ਇੱਕ ਵਾਰੀ ਹੋ ਜਾਵੇ,
ਨਹੀਂ ਠੀਕ ਹੁੰਦੀ ਸਾਰੀ ਜ਼ਿੰਦਗੀ ।
ਬੱਸ ਰੋ ਰੋ ਕੇ ਕੱਟਣੀ ਪੈਂਦੀ ਹੈ,
ਆਖਿਰ ਵਿਚਾਰੀ ਜ਼ਿੰਦਗੀ ।
ਕੋਈ ਪੇਨ ਕਿੱਲਰ ਖਾਵੇ,
ਕੋਈ ਫਿਜ਼ਿਓਥਰੈਪੀ ਕਰਾਵੇ,
ਪ੍ਰੰਤੂ ਕੋਈ ਆਰਾਮ ਨਾ ਆਵੇ ।
ਜੇ ਰੀੜ੍ਹ ਦੀ ਹੱਡੀ ਹਿੱਲੇ ਤਾਂ ਸਰੀਰ ਨਹੀਂ ਚੱਲਦਾ ।
ਜੇ ਸਰਕਾਰ ਹਿੱਲ ਜਾਏ ਤਾਂ ਦੇਸ਼ ਨਹੀਂ ਚੱਲਦਾ ।
ਸਰਕਾਰ ਹੀ ਹੁੰਦੀ ਹੈ,
ਆਪਣੇ ਦੇਸ਼ ਦੀ ਰੀੜ੍ਹ ਦੀ ਹੱਡੀ ।
ਏਥੇ ਸਰਕਾਰ ਦੇ ਖਿਲਾਫ਼ ਹੋ ਰਹੇ ਨੇ, ਰੋਸ-ਮੁਜ਼ਾਹਰੇ,
ਵਿਰੋਧੀ ਧਿਰਾਂ ਲਗਾਵਣ ਨਾਅਰੇ ।
ਰਾਜ ਸਭਾ ਵਿੱਚ ਹੋਣ ਹੰਗਾਮੇ ।
ਜੁੱਤੀਆਂ ਮਾਰਨ ਚਾਚੇ ਮਾਮੇ ।

ਬੁਨਿਆਦੀ ਢਾਂਚਾ ਹੈ ਕਮਜ਼ੋਰ ।
ਤਕੜੇ ਦਾ ਹੀ ਚੱਲਦਾ ਜ਼ੋਰ ।
ਸਭ ਦੇ ਆਪੋ ਆਪਣੇ ਸਾਜ਼ ।
ਮਾਨੇ ਦੀ ਵੀ ਸੁਣੋ ਆਵਾਜ਼ ।
ਏਥੇ ਵਾੜਾਂ ਖੇਤ ਨੂੰ ਖਾਵਣ ।
ਆਪਣੇ ਪੈਰ ਕੁਹਾੜਾ ਮਾਰਨ ।
ਜੇਕਰ ਰੀੜ੍ਹ ਦੀ ਹੱਡੀ ਦਾ,
ਇੱਕ ਵੀ ਮਣਕਾ ਹਿੱਲ ਗਿਆ ।
ਫਿਰ ਨਾ ਰੋਣਾ,
ਪੈਂਹਠ ਅਤੇ ਬਹੱਤਰ ਵਾਲੇ,
ਕੌਣ ਜ਼ਖਮ ਅਸਾਡੇ ਛਿੱਲ ਗਿਆ ।
ਕੌਣ ਜ਼ਖਮ ਅਸਾਡੇ ਛਿੱਲ ਗਿਆ ।

ਦਿਲ ਦੀ ਗੱਲ

ਮੈਂ ਕਿਸੇ ਬੁੱਤ ਨੂੰ ਤਾਂ ਪਿਆਰ ਕਰ ਸਕਦੀ ਹਾਂ ।
ਮੈਂ ਕਿਸੇ ਪਖੱਰ ਲਈ ਤਾਂ ਮਰ ਸਕਦੀ ਹਾਂ ।
ਬੱਸ ਤੈਨੂੰ ਹੀ ਨਹੀਂ ਮੈਂ ਚਾਹ ਸਕਦੀ ।
ਮੇਰੇ ਚੌਗਿਰਦੇ ਬੇਵਫ਼ਾਈ ਦੀ ਕੰਡਿਆਲੀ ਤਾਰ ਹੈ,
ਜਿਸਦਾ ਮੈਂ ਕਰ ਨਹੀਂ ਵਿਸਾਹ ਸਕਦੀ ।
ਮੈਂ ਕਿਸੇ ਤਰਸ ਦੀ ਭੀਖ ਨਹੀਂ ਮੰਗਦੀ ।
ਨਾ ਹੀ ਮੈਨੂੰ ਲੋੜ ਹੈ ਤੇਰੇ ਦੋਗ਼ਲੇ ਰਹਿਮ ਦੀ ।
ਤੂੰ ਮੈਨੂੰ ਮੇਰੇ ਜੋਗੀ ਰਹਿਣ ਦੇ ।
ਮੈਨੂੰ ਮੇਰੇ ਦਿਲ ਦੀ ਗੱਲ ਕਹਿਣ ਦੇ ।

ਹਵਾ

ਜੀ ਕਰਦਾ ਹੈ ਹਵਾ ਬਣ ਕੇ,
ਘੁਲ਼ ਜਾਵਾਂ ਤੇਰੇ ਹਰ ਸਾਹ ਵਿੱਚ ।
ਮਿੱਟੀ ਬਣ ਕੇ ਬਿਖ਼ਰ ਜਾਵਾਂ,
ਹਰ ਉਸ ਰਾਹ ਵਿੱਚ ।
ਜਿੱਥੋਂ ਦੀ ਤੂੰ ਲੰਘਦਾ ਹੋਵੇ,
ਬੋਲਦਾ ਹੋਵੇਂ, ਖ਼ੰਘਦਾ ਹੋਵੇਂ ।
ਤੇਰੇ ਹਰ ਸਾਹ ਨਾਲ਼ ਤੇਰੇ ਅੰਦਰ ਜਾਵਾਂ,
ਮੈਂ ਉਸ ਮੰਦਿਰ ਜਾਵਾਂ ।
ਜਿੱਥੇ ਤੇਰਾ ਹੀ ਨਾਂ ਹੋਵੇ,
ਠੰਡੀ ਮਿੱਠੀ ਛਾਂ ਹੋਵੇ ।
ਤੂੰ ਹੀ ਤੂੰ ਹੋਵੇਂ,
ਮੇਰੇ ਕੋਈ ਔਕਾਤ ਨਾ ਹੋਵੇ ।
ਕਿਉਂਕਿ ਔਰਤ ਹਾਂ ।
ਔਰਤ ਅਤੇ ਔਕਾਤ ਇੱਕਠੇ ਨਹੀਂ ਰਹਿ ਸਕਦੇ ।
ਔਰਤ ਹਾਂ, ਇਸ ਲਈ ਲਿਫਣਾ ਜਾਣਦੀ ਹਾਂ ।
ਵਿਛਣਾ ਜਾਣਦੀ ਹਾਂ, ਜਰਨਾ ਜਾਣਦੀ ਹਾਂ ।
ਹੱਕ ਮਿਲੇ ਨਾ ਮਿਲੇ, ਮਰਨਾ ਜਾਣਦੀ ਹਾਂ।
ਵੈਸੇ ਔਰਤ ਬਣਨ ਨਾਲੋਂ ਚੰਗਾ ਹੈ ।
ਹਵਾ ਬਣ ਜਾਵਾਂ ।
ਹਵਾ ਆਜ਼ਾਦ ਹੈ ।
ਹਵਾ ਆਬਾਦ ਹੈ ।
ਹਵਾ ਜ਼ਿੰਦਾਬਾਦ ਹੈ ।
ਹਵਾ ਜ਼ਿੰਦਾਬਾਦ ਹੈ ।

ਨਾਰੀ

'ਨੀ ਨਾਰੀ''
''ਨਾ ਬਣ ਹਤਿਆਰੀ''
ਆਪਣਿਆਂ ਦੇ ਵਿਸ਼ਵਾਸ਼ ਦਾ ਖ਼ੂਨ ਕਰਕੇ ।
ਘਰ ਤੋਂ ਰਿਕਸ਼ਾ,
ਰਿਕਸ਼ਾ ਤੋਂ ਸਫਾਰੀ,
ਸਫ਼ਾਰੀ ਤੋਂ ਆਟੋ ।
ਜਿਵੇਂ ਖੇਲਦੀ ਹੈ, ਇੱਕ ਰੁੱਖ ਤੋਂ ਦੂਜੇ ਰੁੱਖ ਤੱਕ ਕਾਟੋ ।
ਤੂੰ ਸੀਤਾ ਦੇ ਅਕਸ ਨੂੰ ਖ਼ਰਾਬ ਨਾ ਕਰ ।
ਤੂੰ ਲੂਣਾਂ ਬਣ ਕੇ ਰਿਸ਼ਤਿਆਂ ਨੂੰ ਦਾਗ਼ ਦਾਗ਼ ਨਾ ਕਰ ।
ਤੂੰ ਪਾਂਡਵਾਂ ਦੀ ਕੌਮ ਨੂੰ ਦਾਅ ਦੇ ਨਾ ਲਾ ।
ਤੂੰ ਭਰਾ ਭਰਾ ਨੂੰ ਆਪਸ 'ਚ ਨਾ ਲੜਾ ।
ਅਸੀਂ ਤਾਂ ਸਾਰੇ ਮੂਕ ਦਰਸ਼ਕ ਹਾਂ ।
ਫਿਰ ਨਾ ਕਹਿਣਾ, ''ਪਿਤਾਮਾ ਬਚਾਉ, ਗੁਰੂ ਦਰੋਣਾ ਬਚਾਉ ।''
ਹੇ ਮੁਰਲੀ ਮਨੋਹਰ ਜਲਦੀ ਆਉ ।
ਹੁਣ ਕਿਸੇ ਕ੍ਰਿਸ਼ਨ ਨੇ ਸਾੜੀਆਂ ਦਾ ਢੇਰ ਨਹੀਂ ਲਾਉਣਾ ।
ਤੇ ਨਾ ਹੀ ਕਿਸੇ ਭੀਸ਼ਮ ਨੇ ਸ਼ਰਮ ਨਾਲ ਸਿਰ ਝੁਕਾਉਣਾ ।
ਕਿਉਂਕਿ ਨਾ ਹੀ ਤੇਰੇ ਤਨ 'ਤੇ ਸਾੜੀ ਹੈ,।
ਨਾ ਹੀ ਤੇਰੇ ਲੰਮੇ ਵਾਲ ਨੇ ।
ਜੋ ਤੂੰ ਵਸਤਰ ਪਾਏ ਨੇ,
ਉਹ ਤਾਂ ਪਹਿਲਾਂ ਹੀ ਘੱਟ ਨੇ, ਛੋਟੇ ਨੇ, ਕਮਾਲ ਨੇ ।
ਇਸ ਲਈ ਅਕਲ ਤੋਂ ਕੰਮ ਲੈ,
ਏਥੇ ਤਾਂ ਹਰ ਰਿਸ਼ਤਾ ਦੁਰਯੋਧਨ ਹੈ, ਰਾਵਣ ਹੈ ।
ਏਥੇ ਤਾਂ ਹਰ ਅੱਖ ਵਿੱਚ ਕਾਮ ਦਾ ਸਾਵਣ ਹੈ ।
ਤੂੰ ਆਪਣੀ ਰੱਖਿਆ ਆਪ ਕਰ ।
ਤੂੰ ਕੀ ਸੀ ?
ਕੀ ਬਣ ਗਈ ਏ ?
ਇਸ ਗੱਲ ਦਾ ਸੰਤਾਪ ਕਰ ।
ਤੂੰ ਇਸ ਗੱਲ ਦਾ ਸੰਤਾਪ ਕਰ ।

ਵੋਟਾਂ

ਮਾਂ ! ਆਪਣੇ ਬੂਹੇ 'ਤੇ ਇੱਕ ਨੇਤਾ ਆਇਆ ।
ਲਾਰਿਆਂ ਦਾ ਉਸਨੇ ਬਿਗ਼ਲ ਵਜਾਇਆ ।
ਚੋਣਾਂ ਤੋਂ ਪਹਿਲਾਂ,
ਜਨਤਾ ਨੂੰ ਭਰਮਾਉਣ ਲਈ,
ਵੋਟਾਂ ਹਥਿਆਉਣ ਲਈ,
ਇੱਕ ਮੈਨੀਫੈਸਟੋ ਲਿਆਇਆ ।
ਮੈਨੂੰ ਪੜ੍ਹ ਕੇ ਵੀ ਸੁਣਾਇਆ ।
ਬੇਰੁਜ਼ਗਾਰੀ ਤੇ ਮਿਲਾਵਟਖੋਰੀ ਨੂੰ ਸੰਨ ਲਗਾਏਗਾ ।
ਸ਼ਗਨ ਸਕੀਮ ਤੇ ਬੁਢਾਪਾ ਪੈਨਸ਼ਨ ਦੀ ਰਾਸ਼ੀ ਵਧਾਏਗਾ ।
ਗਰੀਬੀ ਨੂੰ ਤਾਂ ਜੜ੍ਹੋਂ ਹੀ ਮਾਰ ਮੁਕਾਏਗਾ ।
ਹੁਣ ਦੱਸ ਮਾਂ,
ਉਸਨੂੰ ਖ਼ੈਰ ਪਾਵਾਂ ਕਿ ਨਾ,
ਜਾਂ ਫਿਰ ਵਿਰੋਧੀ ਧਿਰ ਵਾਲੇ ਉਮੀਦਾਵਾਰ ਦੇ ਵੀ,
ਸਬਜ਼ਬਾਗ਼ ਵੇਖ ਲਈਏ,
ਫੇਰ ਨਿਸ਼ਚਾ ਕਰੀਏ,
ਵੋਟ ਕਿਸਨੂੰ ਦਈਏ
ਉਂਝ ਤਾਂ ਸਾਰੇ ਇਕੋ ਥਾਲ਼ੀ ਦੇ ਹੀ ਚੱਟੇ ਵੱਟੇ ਨੇ ।
ਜਾਂ ਇੰਝ ਕਰੀਏ, ਕਿਸੇ ਨੂੰ ਖ਼ੈਰ ਨਾ ਪਾਈਏ ।
ਭਾਰਤ ਇੱਕ ਲੋਕਤੰਤਰ ਹੈ, ਕੋਈ ਨਵਾਂ ਰਾਹ ਅਪਨਾਈਏ ।
ਆਪਾਂ ਕੋਈ ਨਵੀਂ ਸਰਕਾਰ ਬਣਾਈਏ ।
ਦੇਸ਼ ਬਚਾਈਏ ।
ਹੁਣ ਤਾਂ ਕੋਈ ਐਸਾ ਜੋਗੀ ਆਵੇ ।
ਜੋ ਇਨ੍ਹਾਂ ਸੱਪਾਂ ਤੋਂ ਸਾਨੂੰ ਬਚਾਵੇ ।

ਜੁੱਤੀ

ਕੌਣ ਕਹਿੰਦਾ ਹੈ ?
ਮੈਂ ਮਰਦ ਦੇ ਪੈਰ ਦੀ ਜੁੱਤੀ ਹਾਂ ।
ਝੂਠ ! ਨਿਰਾ ਝੂਠ ।
ਜੁੱਤੀਆਂ ਤਾਂ ਮਰਦ ਘਮਾਉਂਦੇ ਨੇ ।
ਮੈਨੂੰ ਪਾਉਣ ਲਈ, ਵਰਗਲਾਉਣ ਲਈ,
ਮੇਰੇ ਤਾਂ ਅੰਗ ਅੰਗ ਦਾ ਮੁੱਲ ਪੈਂਦਾ ਹੈ ।
ਮੇਰੇ ਨੈਣਾਂ ਦਾ, ਦੰਦਾਂ ਦਾ, ਮੇਰੀ ਤੋਰ ਦਾ,
ਮੇਰੀ ਕਮਰ ਦਾ, ਲਚਕੀਲੇ ਬਦਨ ਦਾ ।
ਮੇਰੀ ਸੁੰਦਰਤਾ ਨੂੰ ਵਧਾਉਣ ਵਾਲੇ,
ਆਭੂਸ਼ਣਾਂ ਦਾ ਵੀ ਮੁੱਲ ਪੈਂਦਾ ਹੈ ।
ਤਾਂ ਹੀ ਤਾਂ ਹਰ ਗੀਤ, ਕਵਿਤਾ, ਸ਼ੇਅਰ ਵਿੱਚ,
ਇਨ੍ਹਾਂ ਦਾ ਜ਼ਿਕਰ ਡੁੱਲ੍ਹ ਡੁੱਲ੍ਹ ਪੈਂਦਾ ਹੈ ।
ਜੇ ਨਹੀਂ ਮੁੱਲ ਪੈਂਦਾ ਤਾਂ ਮੇਰੀ ਲਿਆਕਤ ਦਾ ।
ਅੱਤ ਦੀ ਸ਼ਰਾਫਤ ਦਾ,
ਸੱਚੀ ਇਬਾਦਤ ਦਾ ।
ਹਾਂ ਉਦੋਂ ਮੈਂ ਜ਼ਰੂਰ ਜੁੱਤੀ ਹੁੰਦੀ ਹਾਂ,
ਜਦੋਂ ਆਪਣੇ ਅਧਿਕਾਰਾਂ ਤੋਂ ਸੁੱਤੀ ਹੁੰਦੀ ਹਾਂ ।
ਬੇਸ਼ੱਕ ਮਰਦ ਮੈਨੂੰ ਜੁੱਤੀਆਂ ਵਾਂਗ ਬਦਲ ਬਦਲ ਕੇ ਪਾਉਂਦਾ ਹੈ ।
ਆਖ਼ਿਰ ਨੂੰ ਤਾਂ ਜੁੱਤੀਆਂ ਮੇਰੇ ਲਈ ਹੀ ਘਮਾਉਂਦਾ ਹੈ ।
ਕਦੇ ਘਰ ਤੋਂ ਕੋਠੇ ਤੱਕ,
ਕਦੇ ਕੋਠੇ ਤੋਂ ਘਰ ਤੱਕ ।
ਗੇੜੇ ਲਾਉਂਦਾ ਹੈ, ਕਈ ਰੂਪ ਵਟਾਉਂਦਾ ਹੈ ।
ਕਦੇ ਪਤੀ ਬਣ ਕੇ ਪਤਨੀ ਨੂੰ ਮਨਾਉਂਦਾ ਹੈ ।
ਕਦੇ ਗਾਹਕ ਬਣ ਕੇ ਰਖੈਲ ਦੀ ਹਰ ਅਦਾ ਉੱਤੇ,
ਨੋਟਾਂ ਦਾ ਮੀਂਹ ਵਰਾਉਂਦਾ ਹੈ ।

ਮੈਨੂੰ ਜੁੱਤੀ ਸਮਝਣ ਵਾਲਾ ਜਦੋਂ,
ਸਮਾਜ ਦੀਆਂ ਜੁੱਤੀਆਂ ਖਾਂਦਾ ਹੈ ।
ਫੇਰ ਪਛਤਾਉਂਦਾ ਹੈ ।
ਕੋਠੇ ਨੂੰ ਲੱਤ ਮਾਰ ਆਪਣੇ ਘਰ ਨੂੰ ਪਰਤ ਜਾਂਦਾ ਹੈ ।
ਉਂਝ ਵੀ ਘਰ ਪਈ ਆਪਣੀ ਜੁੱਤੀ ਹੀ,
ਪੈਰਾਂ ਨੂੰ ਆਰਾਮ ਦਿੰਦੀ ਹੈ ।
ਏਹੋ ਪੈਗ਼ਾਮ ਦਿੰਦੀ ਹੈ ।
ਹੇ ਮਰਦ ! ਜੇ ਤੂੰ ਆਪਣੀ ਜੁੱਤੀ ਪਾਵੇਂਗਾ,
ਇੱਜ਼ਤ ਕਰਾਵੇਂਗਾ,
ਬੜਾ ਸੁੱਖ ਪਾਵੇਂਗਾ ।
ਮੈਨੂੰ ਆਪਣੀ ਸ਼ਾਨ ਸਮਝੇਂਗਾ ।
ਆਪਣਾ ਈਮਾਨ ਸਮਝੇਂਗਾ ।
ਫੇਰ ਤਾਂ ਜੁੱਤੀ ਬਣਨਾ ਵੀ ਮੇਰੇ ਲਈ ਮਾਣ ਦੀ ਗੱਲ ਹੈ ।
ਬੜੇ ਸਨਮਾਨ ਦੀ ਗੱਲ ਹੈ ।
ਪ੍ਰੰਤੂ ਜੇ ਤੂੰ ਮੈਨੂੰ ਰੋਲੇਂਗਾ,
ਤੂੰ ਰੁਲੇਂਗਾ ਵੀ ।
ਜੇ ਰਵਾਵੇਂਗਾ,
ਤਾਂ ਰੋਵੇਂਗਾ ਵੀ ।
ਰੋਵੇਂਗਾ ਵੀ ।

ਰੁੱਖ ਜਿਹਾ

ਐ ਮਨੁੱਖ, ਤੂੰ ਰੁੱਖ ਵਰਗਾ ਹੋ ਜਾ ।
ਰੁੱਖ ਕਿੰਨੇ ਸਿਆਣੇ ਨੇ, ਬੀਬੇ ਨੇ ।
ਇੱਕ ਜਗ੍ਹਾ ਸਥਿਰ ਰਹਿੰਦੇ ਨੇ,
ਭਾਵੇਂ ਕਿੰਨਾ ਮੀਂਹ ਆਵੇ,
ਚਾਹੇ ਕਿੰਨੀ ਗਰਮੀ ਹੋਵੇ,
ਰੁੱਖ ਡੋਲਦੇ ਨਹੀਂ ।
ਜੀਵਨ ਦਾ ਬਹੁਤ ਵੱਡਾ ਰਾਜ਼ ਸਮਝਾਉਂਦੇ ਨੇ,
ਭਾਵੇਂ ਰੁੱਖ ਬੋਲਦੇ ਨਹੀਂ ।
ਪੱਥਰ ਦੀ ਮਾਰ ਖਾ ਕੇ ਫਲ਼ ਦੇਂਦੇ ਨੇ ।
ਜਿੱਥੇ ਬਹੁਤ ਸੰਘਣੇ ਰੁੱਖ ਹੋਣ,
ਉੱਥੇ ਜੰਗਲਾਂ ਨੂੰ ਜਲ ਦੇਂਦੇ ਨੇ ।
ਹਰ ਥੱਕੇ ਮੁਸਾਫਿਰ ਨੂੰ ਸਾਹ ਦੇਂਦੇ ਨੇ, ਛਾਂ ਦੇਂਦੇ ਨੇ ।
ਐ ਬੰਦੇ ।
ਤੂੰ ਇਨ੍ਹਾਂ ਰੁੱਖਾਂ ਕੋਲੋਂ ਹੀ ਮੱਤ ਲੈ ਲੈ ।
ਜ਼ਿਆਦਾ ਨਹੀਂ ਤਾਂ ਘੱਟੋਂ-ਘੱਟ ਗੁਣ ਪੰਜ ਸੱਤ ਲੈ ਲੈ ।
ਪੱਕਾ ਰਹਿ ਆਪਣੀ ਜ਼ੁਬਾਨ ਤੇ,
ਦ੍ਰਿੜ ਰਹਿ ਆਪਦੇ ਇਰਾਦੇ ਤੇ ।
ਸਾਰੀ ਮਾਨਵਤਾ ਦਾ ਆਸਰਾ ਬਣ,
ਨਿਮਾਣਾ ਹੋ ਕੇ ਰਹਿ ।
ਤੇਰੀ ਹਰ ਆਸ ਨੂੰ ਫਲ਼ ਪਏਗਾ,
ਤੂੰ ਸਿਆਣਾ ਹੋ ਕੇ ਰਹਿ ।

ਸਰਾਭਾ

ਇੱਕ ਰਾਤ ਮੇਰੇ ਸੁਪਨੇ ਵਿੱਚ,
ਮੇਰੇ ਘਰ ਦਾ ਬੂਹਾ ਖੜਕਿਆ ।
ਮੇਰਾ ਦਿਲ ਧੜਕਿਆ ।
ਮੈਂ ਦਰਵਾਜ਼ਾ ਖੋਲ੍ਹਿਆ ।
ਆਉਣ ਵਾਲਾ ਕੁੱਝ ਇਸ ਤਰ੍ਹਾਂ ਬੋਲਿਆ ।
''ਮੈਂ ਹਾਂ ਭੈਣੇਂ ਕਰਤਾਰ ਸਿੰਘ ਸਰਾਭਾ''
ਮੇਰੇ ਹੱਥਾਂ ਵਿੱਚ ਹੈ, ਮੇਰੇ ਸੁਪਨਿਆਂ ਦਾ ਛਾਬਾ ।
ਭੈਣੇ ਇਹ ਨਾ ਸੋਚੀਂ ਮੈਂ ਏਥੇ ਰਹਿਣ ਆਇਆ ਹਾਂ ।
ਮੈਂ ਤਾਂ ਤੇਰੇ ਜ਼ਰੀਏ ਨਵੀਂ ਪਨੀਰੀ ਨੂੰ,
ਕੁਝ ਕਹਿਣ ਆਇਆ ਹਾਂ ।
ਅਸੀਂ ਸਾਰੇ ਦੇਸ਼ ਭਗਤ,
ਮੌਤ ਨਾਲ ਲੜਦੇ ਰਹੇ,
ਫਾਂਸੀਆਂ 'ਤੇ ਚੜ੍ਹਦੇ ਰਹੇ ।
ਤਾਂ ਜੋ ਸਾਡਾ ਭਾਰਤ ਆਜ਼ਾਦ ਹੋਵੇ ।
ਗ਼ੈਰਾਂ ਦੇ ਹੱਥੋਂ ਨਾ ਬਰਬਾਦ ਹੋਵੇ ।
ਭੈਣੇ ਬੜਾ ਦੁੱਖ ਹੁੰਦਾ ਹੈ,
ਕਿਉਂਕਿ ਸਾਡੇ ਸੁਪਨੇ ਚੂਰ-ਚੂਰ ਹੋ ਰਹੇ ਨੇ ।
ਇਹ ਮੇਰੇ ਦੇਸ਼ ਵਾਸੀ,
ਸਮਗਲਿੰਗ ਦੇ ਧੰਦੇ 'ਚ ਮਸ਼ਹੂਰ ਹੋ ਰਹੇ ਨੇ ।
ਆਹ ਨਿੱਕੇ ਕਾਕੇ,
ਪਾਉਣ ਨਵੇਂ ਪਟਾਕੇ ।
ਨਿੱਤ ਅੱਗਾਂ ਲਾਉਂਦੇ ਨੇ ।
ਏ.ਕੇ. 47 ਨਾਲ 47 ਵਰਗੇ,
ਕਰਦੇ ਨੇ, ਕਈ ਛੋਟੇ ਵੱਡੇ ਸਾਕੇ ।

ਜੇ ਏਹੋ ਕੁਝ ਹੀ ਕਰਨਾ ਸੀ ।
ਆਪੋ ਵਿੱਚ ਲੜ ਲੜ ਮਰਨਾ ਸੀ ।
ਤਾਂ ਸਾਨੂੰ ਕੀ ਲੋੜ ਸੀ ਜੇਲ੍ਹਾਂ ਕੱਟਣ ਦੀ,
ਭੁੱਖਾਂ ਫੱਕਣ ਦੀ ।
ਨਾਅਰੇ ਲਗਾਉਣ ਦੀ ।
ਕਾਲ਼ੇ ਪਾਣੀਆਂ 'ਚ ਮਰਨ ਦੀ,
ਆਜ਼ਾਦੀ ਆਜ਼ਾਦੀ ਕੁਰਲਾਉਣ ਦੀ ।
ਸਾਨੂੰ ਕੀ ਪਤਾ ਸੀ,
ਇਹ ਗੱਭਰੂ ਲੁਟਾਂ-ਖੋਹਾਂ ਕਰਨਗੇ ।
ਨਸ਼ੇ ਖਾ ਖਾ ਮਰਨਗੇ ।
ਆਪਣੇ ਘਰ ਵਿੱਚ ਡੱਕਾ ਨਾ ਤੋੜਨਗੇ ।
ਵਿਦੇਸ਼ਾਂ 'ਚ ਜਾ ਕੇ ਨੱਕੇ ਵੀ ਮੋੜਨਗੇ ।
ਜੇ ਡਾਲਰ ਕਮਾਉਣ ਲਈ ਇਨ੍ਹਾਂ ਨੇ ਬਾਹਰ ਹੀ ਜਾਣਾ ਸੀ ।
ਤਾਂ ਅਸੀਂ ਕਾਹਨੂੰ ਅੰਗਰੇਜ਼ਾਂ ਨੂੰ ਏਥੋਂ ਭਜਾਣਾ ਸੀ।
ਮੈਂ ਤਾਂ ਭੈਣੇ ਏਹੋ ਕਹਿਣ ਆਇਆ ਹਾਂ,
ਅਜੇ ਵੀ ਮੁੜ ਆਵੋ ਆਪਣੇ ਘਰਾਂ ਨੂੰ ।
ਸਮੈਕ ਪੀ ਕੇ ਮੌਤ ਨੂੰ ਆਵਾਜ਼ਾਂ ਨਾ ਮਾਰੋ ।
ਮੜ੍ਹੀਆਂ 'ਚ ਜਾਉਗੇ,
ਤਰਸੋਗੇ ਆਪਣੇ ਘਰ ਦੇ ਦਰਾਂ ਨੂੰ ।
ਤਰਸੋਗੇ ਆਪਣੇ ਘਰ ਦੇ ਦਰਾਂ ਨੂੰ ।

ਸਮਾਂ

ਸਮਾਂ ਬਹੁਤ ਬਲਵਾਨ ਹੈ।
ਚਾਹੇ ਕੋਈ ਰੰਕ ਹੈ, ਚਾਹੇ ਕੋਈ ਧਨਵਾਨ ਹੈ ।
ਸਮਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ ।
ਸਮਾਂ ਕਿਸੇ ਲਈ ਹੌਕੇ ਨਹੀਂ ਭਰਦਾ ।
ਬਲਕਿ ਸਮਾਂ ਬੀਤ ਜਾਣ 'ਤੇ ਬੰਦੇ ਨੂੰ ਪਛਤਾਉਣਾ ਪੈਂਦਾ ਹੈ ।
ਹਰ ਇਨਸਾਨ ਤੇ ਚੰਗਾ ਮਾੜਾ ਸਮਾਂ ਆਉਂਦਾ ਹੈ ।
ਜਦ ਮਾੜਾ ਸਮਾਂ ਆਵੇ ਤਾਂ ਦਿਨੇ ਹੀ ਤਾਰੇ ਵਿਖਾਉਂਦਾ ਹੈ ।
ਚੰਗਾ ਸਮਾਂ ਤਾਂ ਦੁੱਧ ਦੇ ਉਬਾਲ਼ ਤਰ੍ਹਾਂ ਨਿਕਲ਼ ਜਾਂਦਾ ਹੈ ।
ਨਹੀਂ ਮੁੱਕਦਾ ਤਾਂ ਦੁੱਖ ਦਾ ਸਮਾਂ,
ਜਾਂ ਜਦੋਂ ਮਨੁੱਖ ਕਿਸੇ ਬੁਰਾਈ ਵਿੱਚ ਫਿਸਲ ਜਾਂਦਾ ਹੈ ।
ਸਮੇਂ-ਸਮੇਂ ਦੀ ਗੱਲ ਹੈ ।
ਸਮਾਂ ਹੀ ਹਰ ਦੁੱਖ ਦਾ ਹੱਲ ਹੈ ।
ਇਸ ਲਈ ਸਮੇਂ ਦੀ ਕਦਰ ਜਾਣੋ ।
ਸਮੇਂ ਦੀ ਲੋੜ ਨੂੰ ਪਹਿਚਾਣੋ ।
ਆਉ ਸਾਰੇ ਕੰਮ ਸਮੇਂ ਸਿਰ ਕਰੀਏ ।
ਬਾਅਦ ਵਿੱਚ ਨਾ ਹੌਕੇ ਭਰੀਏ ।
ਫੜ ਕੇ ਰੱਖੀਏ ਸਮੇਂ ਦੀ ਲਗਾਮ ।
ਸਮੇਂ ਦੇ ਪਾਬੰਦ ਨੂੰ ਦੁਨੀਆਂ ਕਰਦੀ ਹੈ ਸਲਾਮ ।
ਦੁਨੀਆਂ ਕਰਦੀ ਹੈ ਸਲਾਮ ।

ਜ਼ਿੰਦਗੀ

ਐ ਬੰਦੇ !
ਤੂੰ ਲੰਕਾਂ ਨੂੰ ਅੱਗ ਲਾਉਣ ਵਾਲਾ ਵਾਨਰ ਨਾ ਬਣ ।
ਤੂੰ ਜਗਲ ਦੀ ਅੱਗ ਬੁਝਾਉਣ ਵਾਲੀ ਉਹ ਚਿੜੀ ਬਣ ।
ਹੁਣ ਅੱਗਾਂ ਲਾਉਣ ਦਾ ਨਹੀਂ,
ਅੱਗਾਂ ਬੁਝਾਉਣ ਦਾ ਸਮਾਂ ਹੈ ।
ਅੱਗਾਂ ਤਾਂ ਪਹਿਲਾਂ ਹੀ ਬਹੁਤ ਨੇ ਲੱਗੀਆਂ ਹੋਈਆਂ ।
ਘਰ-ਘਰ, ਸ਼ਹਿਰ-ਸ਼ਹਿਰ, ਦੇਸ਼-ਦੇਸ਼, ਕੁਲ ਬ੍ਰਹਿਮੰਡ 'ਚ ।
ਹਰ ਮਨੁੱਖ ਸੜ ਰਿਹਾ ਕਿਸੇ ਨਾ ਕਿਸੇ ਜ਼ੰਡ 'ਚ ।
ਬਹੁਤੀ ਅੱਗ ਤਾਂ ਕੁਰਸੀਆਂ ਦੇ ਖਿਲਾਫ਼ ਹੈ ।
ਹਰ ਸ਼ੈਅ ਧੁੰਦਲੀ ਤੇ ਕੁਝ ਨਹੀਂ ਸਾਫ਼ ਹੈ ।
ਕਿਤੇ ਕੁਰਸੀਆਂ ਪਾਉਣ ਦੀ ਅੱਗ।
ਕਿਸੇ ਕੁਰਸੀਉਂ ਲਾਉਣ ਦੀ ਅੱਗ ।
ਭ੍ਰਿਸ਼ਟਾਚਾਰ ਦੀ ਅੱਗ, ਤੇਜ਼ ਰਫ਼ਤਾਰ ਦੀ ਅੱਗ ।
ਕਿਤੇ ਕਾਮ ਦੀ ਅੱਗ,
ਬੇਲਗਾਮ ਦੀ ਅੱਗ ।
ਤਾਂ ਹੀ ਤਾਂ ਸਭ ਕੁਝ ਸੜ ਕੇ ਸਵਾਹ ਹੋ ਰਿਹਾ ।
ਹਰ ਅੱਖ 'ਚੋਂ ਅੱਗ ਦਾ ਅੰਗਿਆਰ ਚੋ ਰਿਹ ।
ਬੱਸ ਮਾਨਵ ਬੱਸ ਕਰ, ਕੁਝ ਤਾਂ ਨਿਸ਼ਾਨੀ ਰਹਿਣ ਦੇ ।
ਇਸ ਹਿੰਸਕ ਅੱਗ ਦੀ ਭੇਟ ਨਾ ਚੜ੍ਹ ਨਾ ਚੜ੍ਹਾ,
ਜਿਊਂਦੀ ਜ਼ਿੰਦਗਾਨੀ ਰਹਿਣ ਦੇ ।
ਜਿਊਂਦੀ ਜ਼ਿੰਦਗਾਨੀ ਰਹਿਣ ਦੇ ।

ਮਾਂ

ਪੀੜਾਂ ਨੂੰ ਹਰਨ ਵਾਲੀ,
ਦੁੱਖਾਂ ਨੂੰ ਜਰਨ ਵਾਲੀ ।
ਮਮਤਾ ਦੀ ਸਾਗਰ ।
ਸੇਵਾਰ ਦੀ ਗਾਗਰ ।
ਪਿਆਰਾਂ ਦਾ ਚਸ਼ਮਾ ।
ਗੀਤਾਂ ਦੀ ਗੁੜ੍ਹਤੀ ।
ਮੇਰੀ, ਤੇਰੀ, ਤੁਹਾਡੀ,
ਸਾਰੇ ਸੰਸਾਰ ਦੀ ਹੋਂਦ ਦਾ ਨਾਂ ਹੈ ਮਾਂ ।
ਮੇਰੀ ਮਾਂ ਦੀ ਸੰਘਣੀ ਛਾਂ ।
ਬੋਹੜ ਨਾਲੋਂ ਕਿਤੇ ਵੱਧ ।
ਇਸ ਦੀ ਗੋਦੀ ਦਾ ਨਿੱਘ ।
ਸਿਆਲਾਂ ਦੀ ਚੜ੍ਹਦੀ ਧੁੱਪ ਵਰਗਾ ।
ਮੇਰੀ ਮਾਂ ਦਾ ਚਿਹਰਾ ।
ਏਨਾ ਪਿਆਰਾ ।
ਜੀਕੂੰ ਆਲਣੇ ਦਾ ਮੋਹ ।
ਮੇਰੀ ਮਾਂ ਦਾ ਰੰਗ,
ਜਿਵੇਂ ਸਰਘੀ ਦੀ ਲੋਅ ।
ਕਦੇ ਮੇਰੀ ਮਾਂ ਮੈਨੂੰ ਫਰੀਦ ਸ਼ਕਰਗੰਜ ਬਣਾ ਦੇਵੇ ।
ਕਦੇ ਮੈਨੂੰ ਬੈਠ ਕੇ ਧਰੂ ਦੀ ਸਾਖੀ ਸੁਣਾ ਦੇਵੇ ।
ਕਦੇ ਮੇਰੇ ਬਚਪਨ ਨੂੰ ਧਰਮ ਦੀ ਖਾਤਿਰ,
ਨੀਹਾਂ 'ਚ ਚਿਣ ਜਾਣ ਦਾ ਨੁਕਤਾ ਸਮਝਾ ਦੇਵੇ ।
ਕਦੇ ਮੇਰੇ ਮੋਢਿਆਂ ਤੇ ਧਰ ਦੇਵੇ ਸਰਵਣ ਦੀ ਵਹਿੰਗੀ ।
ਕਦੇ ਪੂਰਨ ਤੇ ਪ੍ਰਹਿਲਾਦ ਦੀ ਜਨਨੀ ਬਣ ਕੇ ।
ਕਦੇ ਤ੍ਰਿਪਤਾ, ਗੁਜਰੀ ਤੇ ਜੀਵਨ ਬਣ ਕੇ ।

ਸਾਡੀ ਸਿੱਖੀ ਨੂੰ ਦੇ ਜਾਂਦੀ ਹੈ,
ਇੱਕ ਨਾਨਕ, ਗੋਬਿੰਦ ਤੇ ਪ੍ਰਤਾਪ ।
ਫਿਰ ਵੀ ਮੈਨੂੰ ਖਾ ਰਿਹੈ,
ਅੰਦਰੋਂ ਅੰਦਰੀਂ ਇੱਕ ਸੰਤਾਪ ।
ਜੋ ਮਾਂ ਕਦੇ ਧੀ ਨੂੰ ਲੰਮੀ ਉਮਰ ਦੀ,
ਅਸੀਸ ਦਿਆ ਕਰਦੀ ਸੀ ।
ਅੱਜ ਉਹੀ ਮਾਂ,
20 ਸਾਲਾਂ ਨੂੰ ਬਣਨਾ ਜਿਸਨੇ ਮਾਂ,
ਦਾ ਕਰਵਾ ਹੀ ਹੈ ਕਤਲ ।
ਕਿਉਂ ਮਾਰੀ ਗਈ ਤੇਰੀ ਮੱਤ,
ਤੂੰ ਕਿਉਂ ਹੋ ਗਈ ਬੇਅਕਲ ।
ਇੱਕ ਕੁੱਖ ਬੋਲਦੀ ਹੈ,
ਮਾਂ ਮੈਂ ਜੰਮਣਾ ਚਾਹੁੰਦੀ ਹਾਂ ।
ਮੈਂ ਵੀ ਕਿਸੇ ਦੀ ਧੀ, ਹੀਰ ਤੇ ਮਾਂ,
ਬਣਨਾ ਚਾਹੁੰਦੀ ਹਾਂ ।
ਮੈਂ ਵੀ ਕੋਈ ਚੰਡੀ ਬਣਾਂਗੀ, ਨਾਨਕੀ ਬਣਾਂਗੀ ।
ਸੀਤਾ ਬਣਾਂਗੀ ਕਿਸੇ ਰਾਮ ਦੀ,
ਮੇਰੀ ਵੀ ਕੋਈ ਹੀਰ ਗਾਵੇ ।
ਮੈਨੂੰ ਵੀ ਮਾਂ ਬਣਨ ਦਾ ਸੁਭਾਗ ਦੇਹ ।
ਤੇ ਤੂੰ ਸੰਪੂਰਨ ਮਾਂ ਬਣ ਕੇ,
ਸੰਸਾਰ ਦੀ ਹੋਂਦ ਨੂੰ ਜਿਊਂਦਿਆਂ ਰਹਿਣ ਦੇ ।
ਮੇਰੀ ਮਾਂ,
ਲਈ ਜਾਵਾਂ,
ਮੈ ਤੇਰਾ ਨਾਂ,
ਤੇਰਾ ਨਾਂ ।

ਭਾਰਤੀ ਮੁਟਿਆਰ ਵਿਦੇਸ਼ੀ ਸ਼ਿੰਗਾਰ

ਨਾ ਸਿਰ ਉੱਪਰ ਚੁੰਨੀ,
ਨਾ ਪੈਰਾਂ ਵਿੱਚ ਝਾਂਜਰ,
ਮੈਂ ਸੁਣਿਆ ਔਰਤ ਦੀ ਅਕਲ ਗੁੱਤ ਪਿੱਛੇ,
ਪਰ ਤੂੰ ਤਾਂ ਗੁੱਤ ਹੀ ਕਟਾ ਦਿੱਤੀ ।
ਫੈਸ਼ਨ ਦੇ ਨਵੇਂ ਦੌਰ ਵਿੱਚ ਆ ਕੇ,
ਹਰ ਜ਼ੁਲਫ਼ ਹੀ ਸਟਰੇਟ ਕਰਵਾ ਦਿੱਤੀ ।
ਘੱਟ, ਤੰਗ, ਉੱਚੇ ਕੱਪੜੇ ਪਾ ਕੇ,
ਹਰ ਅੰਗ ਦੀ ਨੁਮਾਇਸ਼ ਹੀ ਲਗਾ ਦਿੱਤੀ ।
ਚੂਰੀ ਦੀ ਥਾਂ ਚੌਮਿਨ,
ਰੋਟੀ ਦੀ ਥਾਂ ਬਰਗਰ,
ਲੱਸੀ ਦੀ ਥਾਂ ਦਾਰੂ,
ਪਾਠ ਪੂਜਾ ਦੀ ਥਾਂ ਕੈਫੇ,
ਵਿਹਲੀ ਹੋਵੇ ਤਾਂ ਸਟੀਚਿੰਗ ਦੀ ਥਾਂ ਚੈਟਿੰਗ,
ਜਾਂ ਆਊਟ ਡੋਰ ਡੇਟਿੰਗ ।
ਕਦੇ ਸੜਕ ਦੇ ਕੰਢੇ ਮਦਹੋਸ਼ ਪਈ ਮਿਲੇ ।
ਜਾਂ ਕਿਸੇ ਪਾਰਕ ਵਿੱਚ ਬੇਹੋਸ਼ ਪਈ ਮਿਲੇ ।
ਇਹ ਹੈ ਵਿਦੇਸ਼ੀ ਸਟਾਈਲ ਵਿੱਚ,
ਦੇਸੀ ਪੰਜਾਬਣ, ਭਾਰਤੀ ਮੁਟਿਆਰ ।
ਜੋ ਆਜ਼ਾਦੀ ਦਾ ਨਾਅਰਾ ਲਾ ਕੇ,
ਗਵਾ ਰਹੀ ਹੈ ਇੱਜਤ,
ਲੁਟਾ ਰਹੀ ਹੈ ਆਬਰੂ,
ਹੋ ਰਹੀ ਹੈ ਖੱਜਲ-ਖੁਆਰ ।
ਖੱਜਲ-ਖੁਆਰ ।

ਮੇਰੀ ਜ਼ਿੰਦਗੀ

ਮੈ ਮੇਰੇ ਹਮਰਾਜ਼ !
ਸੁਣ ਮੇਰੇ ਦਿਲ ਦੀ ਆਵਾਜ਼ ।
ਮੈਨੂੰ ਸੀ ਤੇਰੇ 'ਤੇ ਬੜਾ ਨਾਜ਼ ।
ਮੈਂ ਭੁਲੇਖਿਆਂ ਵਿੱਚ ਸੀ ਜੀ ਰਹੀ ।
ਜ਼ਹਿਰ ਨੂੰ ਅੰਮ੍ਰਿਤ ਵਾਂਗਰ ਪੀ ਰਹੀ ।
ਤੂੰ ਮੇਰੀਆਂ ਭਾਵਨਾਵਾਂ ਦਾ ਕਤਲ ਕਰਦਾ ਰਿਹਾ ।
ਐਵੇਂ ਝੂਠੀਆਂ ਸੰਹੁਆਂ ਦੀ ਹਾਮੀ ਭਰਦਾ ਰਿਹਾ ।
ਤੂੰ ਮੈਨੂੰ ਹੱਡੀ ਸਮਝ ਸੁੱਟਦਾ ਰਿਹਾ ।
ਮੈਨੂੰ ਸੁਪਨਿਆਂ ਨੂੰ ਤੋੜਦਾ ਰਿਹਾ,
ਮੇਰੀ ਆਸਾਂ ਨੂੰ ਲੁੱਟਦਾ ਰਿਹਾ ।
ਤੂੰ ਮੈਨੂੰ ਜੁੱਤੀ ਵਾਂਗ ਬਦਲਦਾ ਰਿਹਾ ।
ਮੇਰੀਆਂ ਖੁਸ਼ੀਆਂ ਨੂੰ ਨਿਗਲਦਾ ਰਿਹਾ ।
ਵਰਤਦਾ ਰਿਹਾ ਤੂੰ ਮੈਨੂੰ ਕਿਸੇ ਸਮਾਨ ਤਰ੍ਹਾਂ ।
ਤੀਰ ਮਾਰਦਾ ਰਿਹਾ, ਤੋੜਦਾ ਰਿਹਾ ਕਿਸੇ ਕਮਾਨ ਤਰ੍ਹਾਂ ।
ਤੈਨੂੰ ਮੇਰੀ ਹਾਏ ਵੀ ਨਾ ਸੁਣੀ,
ਮੈਨੂੰ ਉਫ਼ ਵੀ ਨਾ ਕਹਿਣ ਦਿੱਤੀ ।
ਮੇਰਾ ਹਰ ਭਰੋਸਾ ਤੋੜ ਦਿੱਤਾ ।
ਤੂੰ ਮੇਰੀ ਜ਼ਿੰਦਗੀ ਮੇਰੀ ਨਾ ਰਹਿਣ ਦਿੱਤੀ ।

ਨਾਜਾਇਜ਼

ਹਰ ਅਖ਼ਬਾਰ 'ਚ, ਹਰ ਸਮਾਚਾਰ 'ਚ,
ਇੱਕੋ ਖ਼ਬਰ ਬਾਰ ਬਾਰ ਆਵੇ,
ਅਤੇ ਮੇਰੀ ਚੇਤਨਤਾ ਵਧਾਵੇ ।
ਦਿਨੋ ਦਿਨ ਲੰਮੀ ਹੁੰਦੀ ਜਾਏ, ਨਾਜਾਇਜ਼ ਰਿਸ਼ਤਿਆਂ ਦੀ ਕਤਾਰ ।
ਹਰ ਘਰ ਵਿੱਚ ਵੱਧਦਾ ਜਾਏ ਟਕਰਾਰ,
ਤੇ ਖ਼ਤਮ ਹੁੰਦਾ ਜਾਏ, ਅਸਲ ਪਿਆਰ ।
ਅਸਲ ਵਿੱਚ ਦੇਸ਼ ਦਾ ਹਰ ਕਾਰੋਬਾਰ,
ਨਾਜਾਇਜ਼ ਤਰੀਕੇ ਨਾਲ ਹੀ ਚੱਲ ਰਿਹੈ ।
ਵੱਧ ਰਿਹੈ, ਫੈਲ ਰਿਹੈ, ਪੱਲ ਰਿਹੈ ।
ਹੁਣ ਤਾਂ ਹਰ ਜਾਇਜ਼ ਕੰਮ,
ਨਾਜਾਇਜ਼ ਤਰੀਕੇ ਨਾਲ ਹੀ ਕਰਾਉਣਾ ਪੈਂਦੈ ।
ਹਰ ਜਾਇਜ਼ ਨੂੰ ਨਾਜਾਇਜ਼ ਢੰਗ ਨਾਲ ਦਬਾਉਣਾ ਪੈਂਦੈ ।
ਸਰਕਾਰ ਬਣਨ ਤੋਂ ਲੈ ਕੇ ਸਰਕਾਰ ਡਿੱਗਣ ਤੱਕ ।
ਨਾਜਾਇਜ਼ ਸ਼ਬਦ ਦਾ ਹੀ ਬੋਲ-ਬਾਲਾ ਰਹਿੰਦਾ ਹੈ,
ਬਾਬਾ ਰਾਮਦੇਵ ਵੀ ਸੱਚ ਹੀ ਕਹਿੰਦਾ ਹੈ ।
ਦੇਸ਼ ਦੀ ਸੀਮਾ ਸੁਰੱਖਿਆ ਹੇਠ ਪਲਦੇ ਨਾਜਾਇਜ਼ ਧੰਦੇ,
ਚੰਗੇ ਜਾਂ ਮੰਦੇ ।
ਰੇਤ ਮਾਫ਼ੀਆ, ਵਿਦੇਸ਼ੀ ਬੈਂਕਾਂ 'ਚ ਜਮ੍ਹਾਂ,
ਦੇਸ਼ 'ਚੋਂ ਲੁੱਟਿਆ ਖੋਹਿਆ ।
ਦੇਸ਼ ਦਾ ਹਰ ਗਰੀਬ, ਕਿਸਾਨ, ਮਜ਼ਦੂਰ, ਪਿੱਟਿਆ, ਰੋਇਆ ।
ਪ੍ਰੰਤੂ ਕਿਸੇ ਸਰਕਾਰ ਤੇ ਕੋਈ ਅਸਰ ਨਾ ਹੋਇਆ ।
ਹੁਣ ਤਾਂ ਰੱਬ ਨੂੰ ਵੀ ਨਾਜਾਇਜ਼ ਤਰੀਕੇ ਨਾਲ ਮਨਾਇਆ ਜਾਂਦਾ ।
ਰਾਤਾਂ ਦੇ ਲੁਟੇਰਿਆਂ ਹੱਥੋਂ ਦਿਨੇਂ ਚੜ੍ਹਾਵਾ ਚੜ੍ਹਾਇਆ ਜਾਂਦਾ ।
ਨਾਜਾਇਜ਼ ਰਿਸ਼ਤੇ ਬਚਾਉਣ ਲਈ,

ਜਾਇਜ਼ ਪਤਨੀ, ਪਤੀ, ਪਿਤਾ, ਪੁੱਤਰ,
ਨੂੰ ਰੋੜਾ ਸਮਝ ਮਰਵਾਇਆ ਜਾਂਦਾ ।
ਗੱਲ ਕੀ ਜਾਇਜ਼ ਰਿਸ਼ਤਿਆਂ ਦੀ ਬਲੀ ਦੇ ਕੇ,
ਹਰ ਨਾਜਾਇਜ਼ ਨੂੰ ਬਚਾਇਆ ਜਾਂਦਾ ।
ਕਦੋਂ ਤੱਕ ਜਾਇਜ਼ ਨੂੰ ਦਬਾਉਗੇ,
ਨਾਜਾਇਜ਼ ਨੂੰ ਬਚਾਉਗੇ ।
ਅਜੇ ਵੀ ਸਮਾਂ ਹੈ ਜਾਇਜ਼ ਨੂੰ ਸਾਂਭਣ ਦਾ,
ਨਹੀਂ ਤਾਂ ਬਹੁਤ ਪਛਤਾਉਗੇ,
ਬਹੁਤ ਪਛਤਾਉਗੇ ।

ਸ਼ੀਸ਼ਾ

ਜਦ ਵੀ ਸ਼ੀਸ਼ੇ ਅੱਗੇ ਖਲੋਵਾਂ ।
ਤੱਕ ਕੇ ਨਕਸ਼ ਗਰੂਰ 'ਚ ਹੋਵਾਂ ।
ਸੋਹਣੇ ਨੈਣ, ਚੌੜਾ ਮੱਥਾ,
ਤਿੱਖਾ ਨੱਕ, ਗੁਲਾਬੀ ਬੁੱਲ੍ਹ,
ਲੰਮੇ ਕਾਲੇ ਸੰਘਣੇ ਵਾਲ,
ਮੋਰ ਜਿਹੀ ਮਟਕਾਉਂਦੀ ਚਾਲ ।
ਘੜੀ ਮੁੜੀ ਬੱਸ ਵੇਖਾਂ ਸ਼ੀਸ਼ਾ ।
ਕਿੰਨਾ ਵਧੀਆ ਮੇਰਾ ਸ਼ੀਸ਼ਾ ।
ਇੱਕ ਦਿਨ ਡਿੱਠਾ ਮਨ ਦਾ ਸ਼ੀਸ਼ਾ ।
ਨਜ਼ਰ ਨਾ ਆਇਆ ਕੱਚ ਦਾ ਸ਼ੀਸ਼ਾ ।
ਅੱਖਾਂ ਵਿੱਚ ਮੇਰੇ ਚਮਕੇ ਕਾਮ ।
ਨੱਚਣ ਸਭ ਦੁਨਿਆਵੀ ਜਾਮ ।
ਤ੍ਰਿਸ਼ਨਾ, ਲਾਲਚ ਅਤੇ ਪਾਖੰਡ,
ਬੋਲਾਂ 'ਚੋ ਆਵੇ ਦੁਰਗੰਧ ।
ਜੋ ਕਿਸੇ ਤੋਂ ਲੁੱਟਣਾ ਹੈ ਮੈਂ,
ਉਹ ਹੈ ਮੇਰੀਆਂ ਉਂਗਲਾਂ ਉੱਪਰ ।
ਮਨ ਵਿੱਚ ਖੋਟ ਕਪਟ ਦਾ ਜਾਲ਼ਾ ।
ਤਾਂ ਹੀ ਮਨ ਦਾ ਰੰਗ ਵੀ ਕਾਲ਼ਾ ।
ਹਿੰਸਾ ਵੀ ਮੇਰੇ ਖ਼ੂਨ 'ਚ ਦੌੜੇ ।
ਜਜ਼ਬਾਤ ਬੜੇ ਨੇ ਸੌੜੇ ਸੌੜੇ ।
ਮਨ ਦੀ ਇੱਕ ਨੁੱਕਰ ਵਿੱਚ ਬੈਠਾ,
ਵਹਿਸ਼ੀ, ਦਰਿੰਦਾ ਕੋਈ ਸ਼ੈਤਾਨ ।
ਮੈਂ ਤਾਂ ਪਸ਼ੂਆਂ ਤੋਂ ਵੀ ਮਾੜਾ,
ਬਣਿਆ ਫਿਰਦਾ ਹਾਂ ਭਗਵਾਨ ।

ਜਦ ਮੈਂ ਤੱਕੇ ਮਨ ਦੇ ਨਕਸ਼ ।
ਕੰਬਣ ਲੱਗਾ ਮੇਰਾ ਅਕਸ ।
ਮੈਂ ਤਨ ਦਾ ਜਾਲ਼ਾ ਝਾੜਨ ਲੱਗੀ ।
ਮੈਂ ਮਨ ਦੇ ਨਕਸ਼ ਸਵਾਰਨ ਲੱਗੀ ।

ਵਿਹੜੇ ਅਤੇ ਪੰਛੀ

ਵੀਹ ਕੁ ਵਰ੍ਹੇ ਪਹਿਲਾਂ ਤੱਕ,
ਹਰ ਘਰ ਅੰਦਰ,
ਇੱਕ ਵਿਹੜਾ ਹੁੰਦਾ ਸੀ ।
ਕਿਤੇ ਜਾਮਣ, ਅੰਬ, ਅਨਾਰ,
ਪਪੀਤਾ ਖਿੜਿਆ ਹੁੰਦਾ ਸੀ ।
ਚਿੜੀਆਂ ਤੇ ਤੋਤਿਆਂ ਦੀ,
ਵਾਹਵਾ ਰੌਣਕ ਹੁੰਦੀ ਸੀ ।
ਕਾਵਾਂ ਦੀ ਕਾਂ-ਕਾਂ ਨਾਲ,
ਬੜੀ ਮਹਿਫਿਲ ਲੱਗਦੀ ਸੀ ।
ਨਾ ਜਾਮਣ ਰਹਿ ਗਈ ਏ,
ਨਾ ਅਮਰੂਦ ਦੇ ਬੂਟੇ ਨੇ ।
ਨਾ ਅੰਬ ਤੇ ਪੀਂਘ ਪਾਈ,
ਜਿੱਥੇ ਲਏ ਮੈਂ ਹੁਟੇ ਨੇ ।
ਕਦੇ ਡੇਕ ਦੀ ਛਾਂ ਹੇਠਾਂ,
ਸੀ ਦੁਪਹਿਰਾ ਕੱਟੀਦਾ ।
ਹੁਣ ਸੀਰੀਅਲ ਵੇਖ ਵੇਖ ਕੇ,
ਦਿਨ ਰਾਤ ਨਹੀਂ ਥੱਕੀਦਾ ।
ਚਿੜੀਆਂ ਮੁੱਕ ਗਈਆਂ ਨੇ,
ਤੋਤੇ ਰੁੱਸ ਗਏ ਨੇ,
ਕਾਂ ਉੱਡ ਗਏ ਨੇ ।
ਵਿਹੜੇ ਖਿੰਡ ਗਏ ਨੇ ।
ਵਿਹੜੇ ਖਿੰਡ ਗਏ ਨੇ ।

ਇਮਾਨਦਾਰ ਭਿਖਾਰੀ

ਇੱਕ ਮੰਗਤਾ ਰੋਜ਼ ਮੇਰੇ ਘਰ ਦੇ ਬਾਹਰ ਆਉਂਦਾ ।
ਘੰਟੀ ਵਜਾਉਂਦਾ ਜਾਂ ਗੇਟ ਖੜਕਾਉਂਦਾ ।
ਮੈਨੂੰ ਵੇਖ ਕੇ ਹੱਥ ਜੋੜਦਾ, ਝੋਲੀ ਫੈਲਾਉਂਦਾ ।
ਆਪਣੇ ਝੋਲੇ ਵਿੱਚੋਂ ਕੱਢਦਾ ਇੱਕ ਗੰਦਾ ਜਿਹਾ ਬਾਟਾ ।
ਮੈਂ ਕਦੇ ਉਸਨੂੰ ਕੁਝ ਖਾਣ ਨੂੰ ਦਿੰਦੀ ਜਾਂ ਕਦੇ ਆਟਾ ।
ਕਦੇ ਅੰਦਰੋਂ ਹੀ ਕਹਿੰਦੀ,
ਜਾਹ ਬਾਬਾ ਜਾਹ,
ਮੇਰਾ ਸਿਰ ਨਾ ਖਾਹ ।
ਇੱਕ ਦਿਨ ਮੈਂ ਉਸਨੂੰ ਗੁੱਸੇ 'ਚ ਕਿਹਾ,
'ਬਾਬਾ ਕੋਈ ਇਮਾਨਦਾਰੀ ਦਾ ਕੰਮ ਕਰ ।'
ਦਰ ਦਰ ਜਾ ਕੇ ਮੰਗਣਾ ਬੰਦ ਕਰ ।
ਉਸ ਬੜੀ ਅਣਖ ਨਾਲ ਕਿਹਾ,
''ਬੀਬੀ ਮੈਂ ਰਾਹਗੀਰਾਂ ਨੂੰ ਲੁੱਟਦਾ ਨਹੀਂ''
ਚੰਦ ਰੁਪਇਆਂ ਖਾਤਿਰ,
ਕਿਸੇ ਦਾ ਬੱਚਾ ਅਗਵਾ ਨਹੀਂ ਕਰਦਾ ।
ਕਿਸੇ ਔਰਤ ਦੇ ਸਿਰ ਦਾ ਸਾਂਈਂ ਕਤਲ ਨਹੀਂ ਕਰਦਾ ।
ਭੀਖ ਮੰਗਣ ਲਈ ਕਿਸੇ ਫਿਲਮ ਦੀ ਨਕਲ ਨਹੀਂ ਕਰਦਾ ।
ਜਮਾਂਦਰੂ ਭਿਖਾਰੀ ਹਾਂ
ਇਮਾਨਦਾਰੀ ਨਾਲ ਭੀਖ ਮੰਗਦਾ ਹਾਂ ।
ਇਮਾਨਦਾਰੀ ਦਾ ਹੀ ਕਿੱਤਾ ਕਰਦਾ ਹਾਂ ।

ਸੀ.ਬੀ.ਐਸ.ਈ ਅਤੇ ਪੰਜਾਬ ਬੋਰਡ

ਵਧੇਰੇ ਕਰ ਲੋਕ ਆਪਣੀ ਸ਼ਾਨ ਸਮਝਦੇ ਨ,
ਬੱਚੇ ਨੂੰ ਸੀ. ਬੀ. ਐਸ. ਈ. ਵਿੱਚ ਲਾ ਕੇ ।
ਗਰੀਬ ਲੋਕ ਹਮੇਸ਼ਾਂ ਝੂਰਦੇ ਹਨ,
ਬੱਚੇ ਨੂੰ ਪੰਜਾਬ ਬੋਰਡ ਦੇ,
ਸਰਕਾਰੀ ਸਕੂਲ ਵਿੱਚ ਪੜ੍ਹਾ ਕੇ ।
ਮੇਰੇ ਆਂਢ-ਗੁਆਂਢ ਬਹੁਤੇ ਬੱਚੇ,
ਸੀ. ਬੀ. ਐਸ. ਈ. ਵਿੱਚ ਪੜ੍ਹਦੇ ਹਨ ।
ਹਰ ਵੇਲੇ ਟੁੱਟੀ-ਭੱਜੀ ਗਲ਼ਤ,
ਅੰਗਰੇਜ਼ੀ ਵਿੱਚ ਹੀ ਲੜਦੇ ਨੇ ।
ਅੰਗਰੇਜ਼ੀ ਵਿੱਚ ਰੁੱਸਦੇ ਤੇ ਅੰਗਰੇਜ਼ੀ ਵਿੱਚ ਮੰਨਦੇ ਨੇ ।
ਦੂਜੇ ਪਾਸੇ ਉਹ ਦੋ ਚਾਰ ਬੱਚੇ,
ਜੋ ਸਰਕਾਰੀ ਸਕੂਲ ਵਿੱਚ ਜਾਂਦੇ ਹਨ ।
ਸਹੀ ਪੰਜਾਬੀ ਬੋਲਦੇ ਹਨ,
ਪੰਜਾਬੀ ਵਿੱਚ ਹੀ ਪੀਂਦੇ ਹਨ,
ਪੰਜਾਬੀ ਵਿੱਚ ਹੀ ਖਾਂਦੇ ਹਨ ।
ਫਰਕ ਏਨਾ ਹੈ ਕਿ ਸੀ. ਬੀ. ਐਸ. ਈ. ਵਾਲੇ,
ਮਹਿੰਗੇ ਕਾਲਜਾਂ, ਯੂਨੀਵਰਸਿਟੀ ਵਿੱਚ,
ਪੈਸਾ ਗਵਾਉਣ ਲਈ ਪੜ੍ਹਦੇ ਨੇ ।
ਪੰਜਾਬ ਬੋਰਡ ਵਾਲੇ ਸਧਾਰਨ ਸਰਕਾਰੀ ਕਾਲਜਾਂ ਵਿੱਚ,
ਮਿਹਨਤ ਕਰਕੇ, ਪੈਸਾ ਕਮਾਉਣ ਲਈ ਪੜ੍ਹਦੇ ਨੇ ।

ਰਾਸ਼ਟਰੀ ਏਕਤਾ

ਪਤੀ ਪਤਨੀ ਵਿੱਚ ਦਿਨੋ ਦਿਨ ਵੱਧ ਰਹੇ ਨੇ ਤਲਾਕ ।
ਹਰ ਘਰ ਵਿੱਚ ਏਥੋਂ ਤੱਕ ਵਿਗੜ ਗਏ ਨੇ ਹਾਲਾਤ ।
ਬੱਚੇ ਮਾਪਿਆਂ ਨਾਲ ਰਹਿਣਾ ਪਸੰਦ ਨਹੀਂ ਕਰਦੇ ।
ਬੁੱਢੇ ਨੂੰਹਾਂ-ਪੁੱਤਰਾਂ ਵਿੱਚ ਦਖ਼ਲ ਅੰਦਾਜ਼ੀ ਬੰਦ ਨਹੀਂ ਕਰਦੇ ।
ਗਲੀ ਮੁਹੱਲੇ ਦੇ ਪ੍ਰਧਾਨਾਂ ਦੇ ਸੁਰ ਨਹੀਂ ਰਲ਼ਦੇ ।
ਇੱਕ ਹਲਕੇ ਦੇ M.L.A. ਦੂਜੇ ਹਲਕੇ ਦੇ M.L.A. ਨਾਲ,
ਸਿੱਧੇ ਮੂੰਹ ਗੱਲ ਨਹੀਂ ਕਰਦੇ ।
ਵਿਰੋਧੀ ਪਾਰਟੀਆਂ ਨਿੱਤ ਰੈਲੀਆਂ ਕਰਦੀਆਂ ਨੇ ।
ਰਾਜ ਸਰਕਾਰਾਂ ਨਾਲ ਕੇਂਦਰ ਸਰਕਾਰਾਂ ਬਦਫੈਲੀਆਂ ਕਰਦੀਆਂ ਨੇ ।
ਹਰ ਰਿਸ਼ਤਾ, ਹਰ ਪ੍ਰਧਾਨ, ਹਰ ਪਾਰਟੀ,
ਹਰ ਸਰਕਾਰ ਇੱਕ ਦੂਜੇ ਦੇ ਸਕੇ ਦੁਸ਼ਮਣ ਹਨ ।
ਜਿੱਥੇ ਦੋ ਜਣਿਆਂ ਦਾ ਪਿਆਰ ਨਹੀਂ ।
ਇੱਕ ਦੂਜੇ ਲਈ ਕੋਈ ਸਤਿਕਾਰ ਨਹੀਂ ।
ਉੱਥੇ 125 ਕਰੋੜ ਆਬਾਦੀ ਵਾਲੇ ਦੇਸ਼ ਵਿੱਚ,
ਰਾਸ਼ਟਰੀ ਏਕਤਾ ਦਾ ਸੁਪਨਾ ਕਿਵੇਂ ਲੈ ਸਕਦੇ ਹਾਂ ।
ਹਿੰਦੂ-ਮਸਲਿਮ-ਸਿੱਖ-ਇਸਾਈ,
ਸਦਾ ਭਾਈ ਭਾਈ
ਕਿਵੇਂ ਕਹਿ ਸਕਦੇ ਹਾਂ ।

ਸੱਭਿਆਚਾਰ

ਚੁੱਲਾ, ਤੰਦੂਰ, ਚਾਟੀ, ਛੰਨਾ, ਗਾਗਰ, ਘੜਾ, ਕੂੱਜਾ, ਤੜੋਲੀ, ਆਲ਼ਾ,
ਛਿੱਕੂ, ਸੰਦੂਕ, ਟਰੰਕ, ਪੱਖੀ, ਛੱਜ, ਪੂਣੀ ਚਰਖਾ ਢਾਰਾ ।
ਭੂਕਣਾ, ਲੋਹ, ਅੰਗੀਠੀ, ਬਿੰਨੂ, ਖੂਹ ਤੇ ਟਿੰਡਾਂ ।
ਸਾਰੇ ਸ਼ਬਦ ਜ਼ੁਬਾਨ ਵਿੱਚੋਂ ਮੁੱਕਦੇ ਜਾ ਰਹੇ ਨੇ ।
ਇਨ੍ਹਾਂ ਬਦਲੇ ਬਾਜ਼ਾਰ ਵਿੱਚ ਓਵਨ, ਮਾਈਕ੍ਰੋ
ਤੇ ਨੋਨ ਸਟਿਕ ਭਾਂਡੇ ਆ ਰਹੇ ਨੇ ।
ਮਾਡਰਨ ਨੂੰਹ ਰਾਣੀ ਨੇ ਪਿੱਤਲ ਦੇ ਭਾਂਡੇ ਤਾਂ ਵੇਚ ਦਿੱਤੇ,
ਅਤੇ ਬਾਕੀ ਦਾ ਸਮਾਨ ਕਬਾੜ ਸਮਝ ਬਾਲਣ ਬਣਾ ਦਿੱਤਾ ।
ਜਲੰਧਰ ਵਾਲਿਆਂ ਨੇ ਪੰਜਾਬ ਦਾ ਸੱਭਿਆਚਾਰ ਸਮਝ,
ਇਹੀ ਸਮਾਨ ਹਵੇਲੀ ਦੇ ਵਿਹੜੇ ਵਿੱਚ ਸਜਾ ਦਿੱਤਾ ।
ਗਾਹਕ ਹੁਣ ਇਨ੍ਹਾਂ ਚਰਖਿਆਂ, ਖੂਹਾਂ ਕੋਲ਼ ਖੜ ਕੇ,
ਤਸਵੀਰਾਂ ਖਿਚਵਾਉਣ ਲੱਗੇ,
ਤੇ ਹਵੇਲੀਆਂ ਦੇ ਮਾਲਕ ਚਾਰ ਕੁ ਨਕਲੀ ਚੁੱਲੇ-ਚੌਂਕੇ
ਤੇ ਭਾਂਡੇ ਰੱਖ ਗਾਹਕ ਭਰਮਾਉਣ ਲੱਗੇ ।
ਕਿੰਨਾ ਚੰਗਾ ਹੁੰਦਾ,
ਜੇ ਹਰ ਬੇਬੇ ਦਾ ਸਮਾਨ ਘਰ ਵਿੱਚ ਹੀ ਪਿਆ ਰਹਿੰਦਾ,
ਤਾਂ ਐਨੇ ਵੱਡੇ ਪੰਜਾਬ ਦੇ ਵਿਰਸੇ ਨੂੰ,
ਇੱਕ ਛੋਟੀ ਜਿਹੀ ਹਵੇਲੀ ਵਿੱਚ ਨਾ ਸਜਾਉਣਾ ਪੈਂਦਾ ।

ਰਿਸ਼ਤੇ

ਕਦੇ ਰਿਸ਼ਤਿਆਂ ਦੀ,
ਸਾਕਾਂ ਦੀ,
ਬੜੀ ਅਹਿਮੀਅਤ ਸੀ ।
ਜਦੋਂ ਜਿਊਂਦੀ ਜਾਗਦੀ ਇਨਸਾਨੀਅਤ ਸੀ ।
ਅੱਜ ਮੇਰੇ ਚਾਰ ਚੁਫੇਰੇ 'ਚ,
ਘਰਾਂ ਵਿੱਚ ਹੀ,
ਚਾਨਣ ਵਿੱਚ, ਹਨੇਰੇ 'ਚ ।
ਜਦੋਂ ਭਰਾ ਦੇ ਬੱਚੇ ਨੂੰ ਜਨਮ ਦਿੰਦੀ ਹੈ ਭੈਣ,
ਪਿਤਾ ਦੀ ਔਲਾਦ ਦੀ ਮਾਂ ਬਣਦੀ ਹੈ ਸਕੀ ਧੀ ।
ਹੋਰ ਵੀ ਪਤਾ ਨਹੀਂ ਕੀ ਕੀ ?
ਮੇਰੀ ਤਾਂ ਕਲਮ ਦੀ ਜੀਭ ਟੁੱਕੀ ਗਈ ।
ਜਦੋਂ ਨਾਜਾਇਜ਼ ਰਿਸ਼ਤਿਆਂ ਦੀ ਕਬਰ ਪੁੱਟੀ ਗਈ ।
ਮੈਨੂੰ ਪਿਤਾ, ਨਾਨਾ, ਮਾਮਾ, ਚਾਚਾ ਦੇ ਅਰਥ ਭੁੱਲ ਗਏ ।
ਗਰਮ ਬੇਸ਼ਰਮ ਹੰਝੂ ਮੇਰੀ ਅੱਖ 'ਚੋਂ ਡੁੱਲ੍ਹ ਗਏ ।
ਮੈਂ ਰਿਸ਼ਤਿਆਂ ਦੇ ਤਾਣੇ ਬਾਣੇ 'ਚ ਬੁਰੀ ਤਰ੍ਹਾਂ ਉਲਝ ਗਈ ।
ਮੇਰੇ ਮਗਰ ਪੱਛਮ ਦੀ ਹਨੇਰੀ ਸੀ,
ਇਹ ਵੇਖ ਮੇਰੀ ਸਮਸਿਆ ਸੁਲਝ ਗਈ ।

ਯੋਗਾ

ਘਰ ਦੀ ਨੌਕਰਾਣੀ ਫਰਸ਼ 'ਤੇ ਪੋਚੇ ਮਾਰ ਰਹੀ ਸੀ ।
ਉਸ ਦੀ ਮਾਲਕਣ, ਟੀ.ਵੀ. ਅੱਗੇ ਸੋਫ਼ 'ਤੇ ਬਹਿ ਕੇ,
ਵਧੇ ਪੇਟ ਨੂੰ ਅੰਦਰ ਧੱਕ ਕੇ,
ਬਾਹਾਂ ਨੂੰ ਉਲਾਰ ਰਹੀ ਸੀ ।
ਕਦੇ ਨੌਕਰਾਣੀ ਪੇੜੇ ਕਰ ਕਰ,
ਰੋਟੀਆਂ ਥੱਪ ਥੱਪ,
ਚਟਣੀ ਕੁੱਟ ਕੁੱਟ,
ਰਸੋਈ 'ਚ ਮਹਿਕਾਂ ਖਿਲਾਰ ਰਹੀ ਸੀ ।
ਮਾਲਕਣ ਬੈਠੀ ਹੱਥ ਦੀ ਤਲ਼ੀ ਤੇ ਤਲ਼ੀ ਵਜਾ ਕੇ,
ਫੋਕੀਆਂ ਤਾੜੀਆਂ ਮਾਰ ਰਹੀ ਸੀ ।
ਕੰਮ ਵਾਲੀ ਕਦੇ ਵਿਹੜਾ ਧੋਂਦੀ, ਝਾੜੂ ਲਾਉਂਦੀ,
ਪੌੜੀਆਂ ਚੜ੍ਹਦੀ, ਕਦੇ ਹੇਠਾਂ ਆਉਂਦੀ ।
ਫਿਰ ਵੀ ਉਸਨੂੰ ਸਾਹ ਨਾ ਚੜ੍ਹਦਾ,
ਭਾਵੇਂ ਧੁੱਪ 'ਚ ਪਿੰਡਾ ਸੜਦਾ ।
ਮੋਟੀ ਸੇਠਾਣੀ ਕਦੇ ਪੇਟ ਨੂੰ ਅੰਦਰ ਕਰਦੀ,
ਲੰਮੇ ਲੰਮੇ ਸਾਹ ਉਹ ਭਰਦੀ ।
ਕਦੇ ਹੱਥਾਂ ਪੈਰਾਂ ਨੂੰ ਗੋਲ ਘੁਮਾਉਂਦੀ,
ਏਧਰ ਉਧਰ ਅੱਖ ਮਟਕਾਉਂਦੀ ।
ਉਹ ਬਿਨ੍ਹਾਂ ਕਿਸੇ ਪੌੜੀ ਦੇ ਚੜ੍ਹਿਆਂ,
ਬਿਨ੍ਹਾਂ ਕਿਸੇ ਸਹਾਰੇ ਖੜ੍ਹਿਆਂ ।
ਉਹ ਥੱਕ ਜਾਂਦੀ ਹੈ, ਅੱਕ ਜਾਂਦੀ ਹੈ ।
ਅਤੇ ਸੋਚਦੀ, ਇਹ ਨੌਕਰਾਣੀ,
ਏਨੇ ਸਾਰੇ ਕੰਮ ਕਰਕੇ ਵੀ,
ਨਾ ਥੱਕਦੀ ਹੈ, ਨਾ ਅੱਕਦੀ ਹੈ ।

ਇਹ ਕੀ ਪੀਂਦੀ ਹੈ, ਕੀ ਖਾਂਦੀ ਹੈ,
ਇਹ ਕਿਹੜਾ ਕੋਈ ਜਿਮ ਜਾਂਦੀ ਹੈ ।
ਮੈਂ ਘਰ ਬੈਠੀ ਹਾਂ ਥੋੜਾ ਪੀਵਾਂ, ਘੱਟ ਮੈਂ ਖਾਵਾਂ,
ਫਿਰ ਵੀ ਸਾਹੋ ਸਾਹ ਹੋ ਜਾਵਾਂ ।
ਆਖਿਰ ਇੱਕ ਦਿਨ ਸਮਝ ਗਈ ਉਹ,
ਮੈਂ ਕੰਮ ਦੀ ਥਾਂ ਤੇ ਯੋਗਾ ਕਰਦੀ ।
ਇਹ ਯੋਗਾ ਦੀ ਥਾਂ ਕੰਮ ਹੈ ਕਰਦੀ ।
ਇਹ ਯੋਗਾ ਦੀ ਥਾਂ ਕੰਮ ਹੈ ਕਰਦੀ ।

ਮੱਛਰ ਨੂੰ ਬੁਖ਼ਾਰ

ਤਿੰਨ ਚਾਰ ਮੱਛਰ,
ਬਿਮਾਰ ਮੱਛਰ ਦਾ ਪਤਾ ਲੈਣ ਗਏ ।
ਕੀ ਹੋ ਗਿਆ ਯਾਰ ?
ਕਿਵੇਂ ਹੋ ਗਿਆ ਬੁਖ਼ਾਰ ?
ਯਾਰ ਸਮਝ ਨਹੀਂ ਆਈ,
ਪਰਸੋਂ ਮੈਂ ਇੱਕ ਆਦਮੀ ਦੇ ਲੜ ਗਿਆ ।
ਬੱਸ ਉਦਣ ਦਾ ਹੀ ਮੈਨੂੰ ਬੁਖ਼ਾਰ ਚੜ੍ਹ ਗਿਆ ।
ਕਦੇ ਬੜਾ ਮਿੱਠਾ ਹੁੰਦਾ ਸੀ, ਬੰਦੇ ਦਾ ਖ਼ੂਨ,
ਤੇ ਹੁਣ ਐਨਾ ਜ਼ਹਿਰੀਲਾ ਹੋ ਗਿਆ ਹੈ ।
ਜਿੱਦਣ ਦਾ ਮੈਨੂੰ ਬੁਖ਼ਾਰ ਹੋਇਆ,
ਮੇਰਾ ਤਾਂ ਅੰਗ ਅੰਗ ਨੀਲਾ ਹੋ ਗਿਆ ਹੈ ।
ਇੱਕ ਮੱਛਰ ਬੋਲਿਆ,
ਹੁਣ ਬੰਦੇ ਪਹਿਲਾਂ ਵਰਗੇ ਨਹੀਂ ਰਹੇ,
ਇਹ ਤਾਂ ਜਮ੍ਹਾਂ ਈ ਗਿਰ ਗੁਜ਼ਰ ਗਏ ਨੇ ।
ਇਹ ਹੁਣ ਡੋਡੇ ਨਹੀਂ ਖਾਂਦੇ, ਸਮੈਕ ਪੀਂਦੇ ਨੇ ।
ਬੂਰੀਆਂ ਮੱਝੀਆਂ ਭੁੱਲ ਗਏ,
ਟੀਕਿਆਂ ਨਾਲ ਤੁਰੇ ਫਿਰਦੇ ਨੇ ।
ਕੈਪਸੂਲਾਂ ਦੇ ਸਿਰ ਤੇ ਜੀਂਦੇ ਨੇ ।
ਜ਼ਹਿਰ ਬੀਜਦੇ ਨੇ, ਜ਼ਹਿਰ ਵੱਡਦੇ ਨੇ ।
ਜ਼ਹਿਰ ਵੇਚਦੇ ਨੇ, ਖਰੀਦਦੇ ਵੀ ਜ਼ਹਿਰ ਨੇ ।
ਜ਼ਹਿਰ ਦੇ ਵਪਾਰੀ ਤੁਰੇ ਫਿਰਦੇ ਹਰ ਪਿੰਡ ਸ਼ਹਿਰ ਨੇ ।
ਯਾਰ ਕਸਮ ਖਾ ਲੈ,
ਅੱਜ ਤੋਂ ਬਾਅਦ ਕਿਸੇ ਮਨੁੱਖ ਦੇ ਨਾ ਲੜੀਂ ।
ਬਾਅਦ ਵਿੱਚ ਐਵੇਂ ਬੁਖ਼ਾਰ ਨਾਲ ਨਾ ਮਰੀਂ ।
ਜ਼ਹਿਰੀਲੇ ਮਨੁੱਖ ਦਾ ਲੜਿਆ ਤਾਂ ਸੱਪ ਨਹੀਂ ਛੱਡਦਾ,
ਤੂੰ ਤਾਂ ਫੇਰ ਛੋਟਾ ਜਿਹਾ ਮੱਛਰ ਹੈ ।

ਲਵ-ਮੈਰਿਜ਼

ਦੋ ਚਾਰ ਦਿਨਾਂ ਦੀ ਫਰੈਂਡਸ਼ਿਪ,
ਨਾਲ ਹੀ ਜੀ ਕਰਦਾ ਹੈ,
ਦੋ ਤੋਂ ਇੱਕ ਹੋਣ ਨੂੰ ।
ਲਵ ਮੈਰਿਜ਼ ਕਰਵਾਉਣ ਨੂੰ ।
ਅੰਨਾ ਇਸ਼ਕ ਨਾ ਜਾਤ ਪੁੱਛੇ,
ਨਾ ਔਕਾਤ ਪੁੱਛੇ ।
ਨਾ ਕੋਈ ਵੇਖੇ ਘਰ ਘਰਾਣਾ ।
ਭਾਵੇਂ ਪਿੱਛੋਂ ਪਏ ਪਛਤਾਣਾ ।
ਨਾ ਮਾਂ-ਬਾਪ ਦੀ ਰਜ਼ਾਮੰਦੀ,
ਨਾ ਵੇਖਣ ਪੁੱਤ ਘਰ ਦੀ ਤੰਗੀ ।
ਮਾਪੇ ਨਾ ਮੰਨਦੇ ਤਾਂ ਕੋਈ ਹਰਜ਼ ਨਹੀਂ ।
ਮੰਨ ਜਾਣ ਤਾਂ ਕੋਈ ਗਰਜ਼ ਨਹੀਂ ।
ਬੱਸ ਕੋਰਟ ਜਾਉ, ਲਵ ਮੈਰਿਜ਼ ਕਰਵਾਉ ।
ਜਾਂ ਕਿਸੇ ਮੰਦਿਰ ਗੁਰਦਵਾਰੇ ਦੇ ਪੁਜਾਰੀ ਨੂੰ ਨੋਟ ਚੜ੍ਹਾਉ ।
ਬੱਸ ਕਿਸੇ ਵੀ ਤਰ੍ਹਾਂ ਵਿਆਹ ਕਰਵਾਉ ।
ਕੁੱਝ ਦਿਨ ਤਾਂ ਖਾਉ ਪਿਆਰ, ਪੀਉ ਪਿਆਰ,
ਜੀਉ ਪਿਆਰ !
ਪਰ ਛੇਤੀਂ ਹੀ ਉੱਤਰ ਜਾਂਦਾ ਹੈ ਪਿਆਰ ਦਾ ਬੁਖ਼ਾਰ ।
ਮਹੀਨੇ ਕੁ ਬਾਅਦ ਹੀ ਸ਼ੁਰੂ ਹੋ ਜਾਂਦਾ ਹੈ,
ਨਿੱਕੀ-ਨਿੱਕੀ ਗੱਲ 'ਤੇ ਟਕਰਾਰ,
ਭੁੱਲ ਜਾਂਦਾ ਹੈ ਹਰ ਇਕਰਾਰ ।
ਵਿਸ਼ਰਦਾ ਜਾਵੇ 24 ਘੰਟੇ ਦਾ ਪਿਆਰ ।
ਜਦੋਂ ਚੇਤੇ ਆਵੇ ਦਾਲ ਅਤੇ ਆਟੇ ਦਾ ਭਾਅ ।
ਹੌਲੀ-ਹੌਲੀ ਘੱਟਦਾ ਜਾਵੇ, ਲਵ-ਮੈਰਿਜ਼ ਦਾ ਚਾਅ ।
ਘਰ, ਗਲੀ ਅਤੇ ਮੁਹੱਲਾ,

ਸਾਰੇ ਪਾਸੇ ਲਾਲਾ ਲਾਲਾ ।
ਉਹ ਜੋ ਹੱਥ ਵਾਲਾਂ 'ਚ ਖੇਲਣ ।
ਉਨ੍ਹਾਂ ਹੱਥਾਂ ਨੇ ਫੜ ਲਿਆ ਵੇਲਣ ।
ਕਦੇ ਜਿਨ੍ਹਾਂ ਅੱਖਾਂ 'ਚ ਸੀ ਪਿਆਰ, ਸਰੂਰ,
ਅੱਜ ਉਨ੍ਹਾਂ ਨੈਣਾਂ 'ਚ ਖ਼ੂਨ ਉਤਾਰੂ,
ਲਾਚਾਰੀ - ਮਜ਼ਬੂਰੀ ।
ਖ਼ਤਮ ਹੋ ਗਈ ਸਾਰੀ ਗਰੂਰੀ ।
ਨਾ ਮੁੰਡੇ ਦੇ ਘਰ ਦੇ ਸੁਣਨ ਹੁਣ,
ਨਾ ਕੁੜੀ ਦੇ ਮਾਪੇ ।
ਇੱਕ ਦੂਜੇ ਨੂੰ ਛੱਡਣ ਲਈ,
ਇੱਕ ਦੂਜੇ ਦੇ ਕਰਨ ਸਿਆਪੇ ।
ਨਾ ਤਾਂ ਹੁਣ ਕੋਈ ਲਵ ਰਹਿ ਗਿਆ,
ਨਾ ਹੀ ਮੈਰਿਜ਼ ਰਹਿ ਗਈ ।
ਹੱਥਾਂ ਨਾਲ ਜੋ ਦਿੱਤੀ ਸੀ,
ਦੰਦਾਂ ਨਾਲ ਖੋਲਣੀ ਪੈ ਗਈ ।
ਕਿੰਨਾ ਚੰਗਾ ਹੁੰਦਾ,
ਜੇ ਮਾਪਿਆਂ ਦੀ ਰਜ਼ਾਮੰਦੀ ਅਨੁਸਾਰ,
ਵਿਆਹ ਕਰਵਾਉਂਦੇ,
ਸਾਰੀ ਉਮਰ ਹੀ ਕਰਦੇ,
ਪਿਆਰ ਹੀ ਪਿਆਰ, ਪਿਆਰ ਹੀ ਪਿਆਰ ।

ਨਾਨਕੇ

ਕਦੇ ਬੜਾ ਹੁੰਦਾ ਸੀ ਚਾਅ,
ਛੁੱਟੀਆਂ 'ਚ ਨਾਨਕੇ ਜਾਣ ਦਾ।
ਮਾਮਿਆਂ ਦੇ ਬੱਚਿਆਂ ਨਾਲ ਖੇਡਣ, ਨੱਚਣ, ਗਾਉਣ ਦਾ।
ਅੰਬ ਦੇ ਟਾਹਣਾਂ 'ਤੇ ਪੀਂਘਾਂ ਚੜ੍ਹਾਉਣ ਦਾ।
ਲੁਕਣ ਮੀਟੀ, ਲੰਗੜਾ ਝੋਟਾ।
ਰਾਜਾ ਵਜ਼ੀਰ, ਕਲੀ-ਜੋਟਾ।
ਰਾਜੇ ਰਾਣੀਆਂ ਦੀਆਂ ਬਾਤਾਂ ਪਾਉਣੀਆਂ।
ਪਰੀਆਂ ਦੀਆਂ ਕਹਾਣੀਆਂ ਸੁਣਾਉਣੀਆਂ।
ਕਦੇ ਨਾਨਕਿਆਂ ਤੋਂ ਮੁੜਨ ਨੂੰ ਜੀ ਨਹੀਂ ਸੀ ਕਰਦਾ।
ਹੁਣ ਨਾਨਕੇ ਜਾਣ ਨੂੰ ਜੀ ਨਹੀਂ ਕਰਦਾ।
ਨਾਨਾ ਨਾਨੀ ਇਕੱਲੇ ਰਹਿੰਦੇ ਨੇ,
ਮਾਮਾ ਪਰਾਈ ਧਰਤੀ ਦਾ ਵਸਨੀਕ ਹੈ।
ਉਹੀ ਰਿਸ਼ਤਾ ਨਜ਼ਦੀਕ ਹੈ।
ਬਾਕੀ ਤਾਂ ਸਭ ਦੂਰੋਂ-ਨੇੜਿਉਂ ਨੇ।
ਕਾਸ਼ ਨਾਨੀ ਦੇ ਤਿੰਨ-ਚਾਰ ਬੱਚੇ ਹੁੰਦੇ।
ਦੋ ਮਾਮੇ, ਮਾਸੀ ਅਤੇ ਸਾਡੀ ਮਾਂ।
ਸਾਡੇ ਵੀ ਪਾਪਾ ਦੀ ਕੋਈ ਸਾਲੀ ਹੁੰਦੀ।
ਗੋਰੀ ਹੁੰਦੀ ਜਾਂ ਕਾਲੀ ਹੁੰਦੀ।
ਕੋਈ ਕਰਮਾਂ ਵਾਲੀ ਹੁੰਦੀ।
ਮੇਰੀ ਵੀ ਮਾਂ ਦਾ ਕੋਈ ਜੀਜਾ ਹੁੰਦਾ ਅਤੇ ਸਾਡਾ ਮਾਸੜ।
ਇੱਕ ਮਾਸੀ ਦੀ ਘਾਟ ਨਾਲ ਕਈ ਰਿਸ਼ਤਿਆਂ ਦਾ ਘਾਣ ਹੋ ਗਿਆ ਹੈ।
ਮਾਸੀ, ਸਾਲੀ, ਮਾਸੜ ਸਾਕਾਂ ਦਾ ਨਿਸ਼ਾਨ ਹੀ ਮਿਟ ਗਿਆ ਹੈ।

ਮੰਡੀ

ਕਹਿਣ ਨੂੰ ਤਾਂ ਹੁੰਦੀਆਂ ਨੇ,
ਤਿੰਨ ਚਾਰ ਤਰ੍ਹਾਂ ਦੀਆਂ ਮੰਡੀਆਂ ।
ਇਹ ਮੰਡੀਆਂ ਹਰ ਸ਼ਹਿਰ 'ਚ ਹੁੰਦੀਆਂ ।
ਸਬਜ਼ੀ ਮੰਡੀ, ਦਾਣਾ ਮੰਡੀ,
ਪਸ਼ੂਆਂ ਦੀ ਮੰਡੀ, ਨਵੀਂ ਜਾਂ ਪੁਰਾਣੀ ਮੰਡੀ ।
ਭਾਵ ਹੁਣ ਤਾਂ ਹਰ ਚੀਜ਼ ਦੀ ਮੰਡੀ ਲੱਗਦੀ ਹੈ ।
ਹਰ ਕਿਸਮ ਦੀ ਮੰਡੀ ਲੱਗਦੀ ਹੈ ।
ਚੀਜ਼ਾਂ ਦੀ ਗੱਲ ਛੱਡੋ ਏਥੋਂ,
ਹਰ ਜਿਸਮ ਦੀ ਮੰਡੀ ਸਜਦੀ ਹੈ ।
14 ਸਾਲ ਤੋਂ 40 ਸਾਲ ਤੱਕ ਦੀ ਉਮਰ ਦਾ ਜਿਸਮ ਵਿਕਦਾ ਹੈ ।
ਜਿੱਥੇ ਹਰ ਲੋੜ, ਮਜ਼ਬੂਰੀ ਤੇ ਜਜ਼ਬਾਤ ਵਿਕਦਾ ਹੈ ।
ਹਰ ਰੰਗ, ਰੂਪ, ਨੈਣ ਤੇ ਨਕਸ਼ ਦੀ ਮੰਗ ਹੁੰਦੀ ਹੈ ।
ਜਿੱਥੇ ਨਾ ਕੋਈ ਸ਼ਰਮ ਤੇ ਨਾ ਕੋਈ ਸੰਗ ਹੁੰਦੀ ਹੈ ।
ਗਾਹਕ ਦੀ ਜ਼ੇਬ ਉੱਪਰ ਸਭ ਕੁੱਝ ਨਿਰਭਰ ਕਰਦਾ ਹੋਵੇ ।
ਭਾਵੇਂ ਉਹ ਉਮਰ ਵਿੱਚ ਬਾਪ ਹੀ ਲੱਗਦਾ ਹੋਵੇ ।
ਕੀਮਤ ਵੀ ਲੱਗਦੀ ਹੈ ਅੱਡ ਹੀ,
50 ਰੁਃ ਤੋਂ ਪੰਜਾਹ ਹਜ਼ਾਰ ।
ਜਿਸਮਾਂ ਦੀ ਤਪਸ਼ ਬੁਝਣ ਤੱਕ ਹੀ ਹੁੰਦਾ ਹੈ ਪਿਆਰ ।
ਕਾਸ਼ ਦੁਰਯੋਧਨ ਦ੍ਰੋਪਦੀ ਦਾ ਚੀਰ ਹਰਣ ਨਾ ਕਰਦਾ ।
ਤਾਂ ਸ਼ਾਇਦ ਸੰਸਾਰ ਵੀ ਔਰਤ ਦਾ ਮੰਡੀਕਰਨ ਨਾ ਕਰਦਾ ।

ਬੈਨ

ਵੱਧ ਰਹੀ ਬੇਰੁਜ਼ਗਾਰੀ ਤੋਂ,
ਨਿੱਤ ਦੀ ਖੁਮਾਰੀ ਤੋਂ,
ਬਚਣ ਲਈ ਮਹਿੰਗਾਈ ਦੀ ਮਾਰ ਤੋਂ,
ਵਿਹਲੜ, ਸ਼ੌਕੀਨ ਜੋ ਨੇ ਖਾਲੀ ਕੰਮ ਕਾਰ ਤੋਂ ।
ਕੋਈ ਢੋਲਕੀ, ਕੋਈ ਚਿਮਟਾ, ਕੋਈ ਵਾਜਾ ਵਜਾਉਣ ਲੱਗ ਪਿਆ ਹੈ।
ਮੈਨੂੰ ਤਾਂ ਇਉਂ ਜਾਪਦਾ ਹੈ,
ਜਿੱਦਾਂ ਸਾਰਾ ਪੰਜਾਬ ਹੀ ਗਾਉਣ ਲੱਗ ਪਿਆ ਹੈ ।
ਕਾਹਦਾ ਗਾਉਂਦੇ ਨੇ ।
ਰੌਲਾ ਹੀ ਪਾਉਂਦੇ ਨੇ ।
ਐਵੇਂ ਬੰਦੇ ਬੰਦੇ ਮਾਰਨ ਲਈ ਤਿਆਰ ਨੇ ।
ਹਰ ਵੇਲੇ ਰੱਖੀ ਫਿਰਦੇ ਹਥਿਆਰ ਨੇ ।
ਕੋਈ ਕਿਸੇ ਦੀ, ਕੋਈ ਕਿਸੇ ਦੀ, ਤਰਜ਼ ਚੁਰਾਈ ਜਾਂਦਾ ਹੈ ।
ਕੋਈ ਸ਼ਬਦਾਂ ਦੀ ਹੇਰਾ ਫੇਰੀ ਕਰਦਾ ਹੈ,
ਕੋਈ ਕਿਸੇ ਦੀ ਨਕਲ ਲਾਈ ਜਾਂਦਾ ਹੈ ।
ਗੀਤ ਤਾਂ ਪੰਜਾਬਣ ਕੁੜੀ ਦੇ ਗਾਉਂਦੇ ਨੇ,
ਪ੍ਰੰਤੂ ਗੀਤ ਦੇ ਪਿੱਛੇ ਗੋਰੀ ਮੇਮ ਵਿਖਾਉਂਦੇ ਨੇ ।
ਕਹਿਣ ਨੂੰ ਉਨ੍ਹਾਂ ਦੇ ਗੀਤ ਸੱਭਿਆਚਾਰਕ ਨੇ ।
ਪਰ ਨਾ ਉਹ ਬੱਚਿਆਂ ਲਈ ਨੇ, ਨਾ ਪਰਿਵਾਰਿਕ ਨੇ ।
ਕਦੇ ਉਹ ਕੁੜੀ ਦੇ ਅੰਗਾਂ ਦੀ ਮਿਣਤੀ ਦੱਸਦੇ ਨੇ ।
ਕਦੇ ਉਹਦੇ ਮਿੱਤਰਾਂ ਦੀ ਗਿਣਤੀ ਦੱਸਦੇ ਨੇ ।
ਗਾਇਕ ਆਪ ਤਾਂ ਕੋਟ ਪੈਂਟ ਪਾਉਂਦੇ ਨੇ ।
ਕੁੜੀ ਨੂੰ ਲੱਤਾਂ ਬਾਹਾਂ ਤੋਂ ਨੰਗਿਆਂ ਵਿਖਾਉਂਦੇ ਨੇ ।
ਅਖੀਰ ਉਹ ਭਗਤ ਸਿੰਘ ਦੇ ਫੈਨ ਬਣਦੇ ਨੇ ।
ਮੇਰੇ ਹਿਸਾਬ ਨਾਲ ਅਜਿਹੇ ਗੀਤਾਂ ! ਗਾਇਕਾਂ 'ਤੇ ਬੈਨ ਬਣਦੇ ਨੇ ।

ਚਿੜੀਆਂ ਦਾ ਚੰਬਾ

ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉਡ ਜਾਣਾ ।
ਜਦ ਇਹ ਗੀਤ ਕਿਸੇ ਗਾਉਣਾ, ਜਾਂ ਰੇਡੀਓ, ਟੀ.ਵੀ. 'ਤੇ ਆਉਣਾ ।
ਸੋਚਣਾ, ਇੱਕ ਦਿਨ ਮੈਂ ਵੀ ਇਹ ਗੀਤ ਗਾਵਾਂਗੀ ।
ਜਦ ਪਿਆਰੇ ਬਾਬਲ ਦਾ ਘਰ ਛੱਡ ਕੇ ਜਾਵਾਂਗੀ ।
ਆਖ਼ਰ ਉਹ ਦਿਨ ਆ ਗਿਆ ।
ਜਦੋਂ ਕੋਈ ਪਰਦੇਸੀ ਚਿੜਾ, ਮੈਨੂੰ ਪਰਨਾਉਣ ਆ ਗਿਆ ।
ਮੈ ਬਾਰ-ਬਾਰ, ਮਨ ਹੀ ਮਨ,
ਇਹ ਗੀਤ ਗਾਉਣ ਲੱਗੀ ।
ਲੁਕ ਲੁਕ ਕੇ ਘਰ ਦੀਆਂ ਕੰਧਾਂ ਨੂੰ ਸੁਣਾਉਣ ਲੱਗੀ ।
ਅਤੇ ਚਿੜੇ ਨਾਲ਼ ਪਰਦੇਸ ਜਾਣ ਲੱਗੀ,
ਇੱਕ ਦਿਨ ਲੰਮੀ ਉਡਾਰੀ ਭਰੀ ।
ਕੀ ਦੱਸਾਂ, ਕਿਵੇਂ ਦੱਸਾਂ, ਮੈਂ ਤਾਂ ਉਦੋਂ ਮਰੀ ।
ਜਦੋਂ ਚਿੜਾ ਮੈਨੂੰ ਅੱਧ ਵਿਚਕਾਰ ਛੱਡ ਗਿਆ ।
ਖੌਰੇ ਚੰਦਰਾ ਮੇਰੇ ਨਾਲ਼ ਕਿਹੜਾ ਵੈਰ ਕੱਢ ਗਿਆ ।
ਮੈਂ ਤਾਂ ਅਜੇ ਰੀਝ ਨਾਲ ਗੀਤ ਵੀ ਨਾ ਸੀ ਗਾਇਆ ।
ਨਾ ਅੰਮੀ ਨੇ ਸੁਣਿਆਂ ਤੇ ਨਾ ਹੀ ਸੀ ਅਜੇ ਬਾਬਲ ਨੂੰ ਸੁਣਾਇਆ ।
ਫਿਰ ਮੈਂ ਇੱਕ ਨਵਾਂ ਗੀਤ ਬਣਾਇਆ,
ਚਿੜੀਆਂ ਹਾਂ, ਚਿੜੀਆਂ ਹੀ ਰਹਿਣਾ ਹੈ ।
ਅਸੀਂ ਨਹੀਂ ਭਰਨੀ ਕੋਈ ਲੰਮੀ ਉਡਾਰੀ,
ਹਰ ਦੁੱਖ ਹੁਣ ਏਥੇ ਹੀ ਸਹਿਣਾ ਹੈ ।
ਏਥੇ ਹੀ ਜੀਣਾ ਹੈ, ਏਥੇ ਹੀ ਮਰਨਾ ਹੈ ।
ਅਸੀਂ ਨਹੀਂ ਜਾਣਾ ਕਿਸੇ ਦੇਸ਼ ਪਰਾਏ ।
ਅਸੀਂ ਤਾਂ ਮਾੜੇ ਲੇਖ ਲਿਖਵਾਏ ।

ਬਿਜਲੀ

ਗਰਮੀ ਦੇ ਮੌਸਮ ਵਿੱਚ,
ਬਿਜਲੀ ਬਾਰ-ਬਾਰ ਗੁੱਲ ਹੋ ਜਾਂਦੀ ਹੈ ।
24 ਘੰਟੇ ਏ.ਸੀ. ਅੱਗੇ ਬਹਿਣ ਵਾਲਿਆਂ ਦੀ,
ਹਾਲਤ ਕੁੱਝ ਮਿੰਟਾਂ ਵਿੱਚ ਹੀ ਨਰਕ ਦੇ ਤੁੱਲ ਹੋ ਜਾਂਦੀ ਹੈ ।
ਜਦ ਲਾਇਟ ਜਾਵੇ ਤਾਂ ਇਨਵਰਟਰ ਚੱਲਦਾ,
ਇਨਵਰਟਰ ਮੁੱਕੇ ਤਾਂ ਜੈਨਰੇਟਰ ਚੱਲਦਾ ।
ਤੇਲ ਮੁੱਕਦਾ ਤਾਂ ਪੱਖੀ ਲੱਭਣੀ ਪੈਂਦੀ,
ਪੱਖੀ ਲੱਭੇ ਤਾਂ ਆਪੇ ਝੱਲਣੀ ਪੈਂਦੀ ।
ਹੱਥ ਦੁੱਖਦੇ, ਬਾਹਾਂ ਦੁਖਦੀਆਂ,
ਹੱਥ ਰੁਕਦੇ ਤਾਂ ਪਸੀਨਾ ਆਉਂਦਾ ।
ਕੋਈ ਸਰਕਾਰ ਨੂੰ ਕੋਸਦਾ ।
ਕਦੇ ਰੱਬ ਨੂੰ ਠੰਡੀ ਹਵਾ ਵਗਾਉਣ ਲਈ ਕਿਹਾ ਜਾਂਦਾ ।
ਕਿਉਂਕਿ ਬਿਨ੍ਹਾਂ ਏ.ਸੀ. ਦੇ ਨਹੀਂ ਰਿਹਾ ਜਾਂਦਾ ।
ਨਾ ਪੈ ਹੋਵੇ,
ਨਾ ਬਹਿ ਹੋਵੇ ।
ਉਂਝ ਬਿਜਲੀ ਜਾਣ ਦੇ ਕਈ ਲਾਭ ਵੀ ਨੇ ।
ਇਸੇ ਬਹਾਨੇ ਹੱਥਾਂ ਬਾਹਾਂ ਦੀ ਕਸਰਤ ਹੋ ਜਾਂਦੀ ।
ਟੀ.ਵੀ. ਨੂੰ ਭੋਰਾ ਸਾਹ ਆਉਂਦਾ ।
ਸਰੀਰ ਚੋਂ ਪਸੀਨਾ ਬਾਹਰ ਆਉਂਦਾ ।
ਕੁਝ ਚਿਰ ਲਈ ਪੁਰਾਣਾ ਪੰਜਾਬ ਯਾਦ ਆਉਂਦਾ ।
ਲੋਕ ਪੱਖੀਆਂ ਹੱਥਾਂ 'ਚ ਫੜ ਕੇ, ਕੋਠੇ ਚੜ੍ਹ ਕੇ,
ਆਂਢ-ਗੁਆਂਢ ਗੱਲਾਂ ਹੋ ਜਾਂਦੀਆਂ,
ਗਲੀ ਮੁਹੱਲੇ ਰੌਣਕਾਂ ਹੋ ਜਾਂਦੀਆਂ ।
ਕਾਸ਼ 4 ਘੰਟੇ ਬੱਤੀ ਰੋਜ਼ ਜਾਵੇ,
240 ਮਿੰਟਾਂ ਲਈ ਪੁਰਾਣਾ ਪੰਜਾਬ ਪਰਤ ਆਵੇ ।

ਮੈਰਿਜ਼ ਪੈਲੇਸ

ਕਦੇ ਹੁੰਦਾ ਸੀ ਵਿਆਹ ਦਾ ਨਾਮ ਚਾਅ ।
ਗਿੱਧਾ, ਭੰਗੜਾ, ਜਾਗੋ, ਘੋੜੀਆਂ, ਸੁਹਾਗ,
ਸਿੱਠਣੀਆਂ, ਛੰਦ, ਮਾਈਆਂ, ਨਾਨਕਾਂ-ਦਾਦਕਾਂ ਮੇਲ ।
ਮੇਲੇ ਵਰਗੀਆਂ ਰੌਣਕਾਂ ਹੋਣੀਆਂ, ਜਦ ਭੰਡ ਆਉਣੇ ।
ਹਫ਼ਤਾ ਹਫ਼ਤਾ ਪਹਿਲਾਂ ਹਲਵਾਈ ਬਿਠਾਉਣੇ ।
ਹੁਣ ਤਾਂ 10 ਦਿਨਾਂ 'ਚ ਹੋਣ ਵਾਲਾ ਵਿਆਹ,
4-5 ਘੰਟੇ ਵਿੱਚ ਹੀ ਸਮਾਪਤ ਹੋ ਜਾਂਦਾ ਹੈ ।
ਸਾਰਾ ਭਾਈਚਾਰਾ ਆਪੋ-ਆਪਣੇ ਸ਼ਗਨ ਫੜਾ,
ਵਾਪਸ ਚਲਾ ਜਾਂਦਾ ਹੈ ।
ਸਟੇਜ ਉੱਪਰ ਨੱਚਦੇ ਕੁੜੀਆਂ-ਮੁੰਡੇ,
ਅੰਗ ਭੜਕਾਊ ਕੱਪੜੇ ਪਾ ਕੇ,
ਗੀਤ ਦੇ ਬੋਲਾਂ ਨਾਲ ਹੱਥ ਪੈਰ ਹਿਲਾ ਕੇ,
ਕੁਝ ਸ਼ਰਾਬੀ ਤੇ ਮਨਚਲੇ,
ਕਰਨ ਭੱਦੇ ਇਸ਼ਾਰੇ ।
ਡੀਜੇ ਦੀ ਧਮਕ ਤੇ ਸ਼ੋਰ ਵਿੱਚ,
ਸਾਰੇ ਚਾਅ ਬੋਲੇ ਹੋ ਗਏ, ਗੂੰਗੇ ਹੋ ਗਏ ।
ਠੰਡੇ - ਤੱਤੇ, ਖੱਟੇ - ਮਿੱਠੇ ਪਕਵਾਨਾਂ ਦੇ ਸਟਾਲਾਂ 'ਤੇ,
ਭੁੱਖੇ ਬਘਿਆੜਾਂ ਤਰ੍ਹਾਂ,
ਜੂਠ ਵਿੱਚੇ ਛੱਡ, ਅੰਨ-ਦੇਵਤਾ ਦੀ ਬੇਅਦਬੀ ਕਰਕੇ,
ਕੁੜੀ ਮੁੰਡੇ ਦੇ ਮਾਂ-ਬਾਪ ਨੂੰ ਰਸਮੀ ਜਿਹਾ ਮਿਲ ਕੇ,
ਵਿਆਹ ਭੁਗਤਾ ਜਾਂਦੇ ਨੇ ।
ਘਰ ਵਾਲੇ ਮਹਿਮਾਨ-ਨਿਵਾਜ਼ੀ ਤੋਂ ਬੱਚ ਜਾਂਦੇ ਨੇ ।

ਘਰਾਂ ਵਿੱਚ ਖਿਲਾਰਾ ਨਹੀਂ ਪੈਂਦਾ,
ਆਪ ਵੀ ਏਦਾਂ ਕਰਦੇ ਨੇ,।
ਜਿੱਦਾਂ ਕਿਸੇ ਹੋਰ ਦੇ ਵਿਆਹ ਤੋਂ ਆਉਂਦੇ ਨੇ ।
ਚਲੋ ਇੱਕ ਦਿਨ ਵਿੱਚ ਸਭ ਕੁੱਝ ਨਿੱਬੜ ਗਿਆ,
ਕਹਿ ਕੇ ਸ਼ੁਕਰ ਮਨਾਉਂਦੇ ਨੇ ।

ਭਾਰਤੀ ਸਿਨੇਮੇ

ਪੁਰਾਣੀਆਂ ਫਿਲਮਾਂ ਵਿੱਚ ਹੀਰੋਇਨ ਨੇ ਸਾੜ੍ਹੀ ਲਾਈ ਹੁੰਦੀ।
ਜ਼ੁਲਫ ਲਮਕਾਈ ਹੁੰਦੀ, ਉਸ ਦੀ ਖ਼ੂਬ ਚੜ੍ਹਾਈ ਹੁੰਦੀ।
ਸਿਰ ਕੱਜਿਆ ਹੁੰਦਾ,
ਵੱਡਾ ਸਾਰਾ ਜੂੜਾ ਸਿਰ 'ਤੇ ਫੱਬਿਆ ਹੁੰਦਾ।
ਨੈਣੋਂ ਮੇਂ ਕਜਲੇ ਦੀ ਧਾਰ ਹੁੰਦੀ।
ਮਾਲੂਮ ਜਿਹੀ ਹੀਰੋਇਨ, ਵੱਧ ਤੋਂ ਵੱਧ ਹੀਰੋ ਦੇ ਗਲ ਦਾ ਹਾਰ ਹੁੰਦੀ।
ਫਿਲਮ ਦਾ ਨਾਂ ਹੁੰਦਾ,
ਛੋਟੀ ਬਹੂ, ਸੰਧੂਰ ਜਾਂ ਘਰ ਸੰਸਾਰ,
ਮਦਰ ਇੰਡੀਆ ਜਾਂ ਨਦੀਆ ਕੇ ਉਸ ਪਾਰ।
ਅੱਜ ਦੀ ਹੀਰੋਇਨ ਨਾ ਸਾੜ੍ਹੀ ਲਾਵੇ, ਨਾ ਸੂਟ ਪਾਵੇ।
ਨਿੱਕੇ ਜਿਹੇ ਝੱਗੇ ਵਿੱਚੋਂ ਸਾਰੇ ਅੰਗ,
ਢਕੇ-ਅਣਢਕੇ ਬਾਰ-ਬਾਰ ਦਿਖਾਵੇ।
ਐਸਾ ਕੋਈ ਵੀ ਸੀਨ ਉਹ ਮਿਸ ਨਾ ਕਰੇ,
ਅੱਧੇ ਮਿੰਟ ਵਿੱਚ 30 ਵਾਰ ਕਿੱਸ ਨਾ ਕਰੇ।
ਫਿਲਮਾਂ ਦੇ ਨਾਂ ਵੀ,
ਜਿਸਮ ਵਨ, ਜਿਸਮ ਟੂ,
ਮਰਡਰ ਵਨ, ਮਰਡਰ ਟੂ।
ਡਰਟੀ ਪਿਕਚਰ, ਇੱਕ ਹੀਰੋਇਨ, ਤਿੰਨ ਹੀਰੋ।
ਬੋਲਡ ਸੀਨ ਦੇਂਦੀ ਉਹ ਲੱਗੇ,
ਸਿਰਫ਼ ਜ਼ੀਰੋ ਜ਼ੀਰੋ।
ਹਰ ਫਿਲਮ ਵਿੱਚ ਕਹਾਣੀ ਦੀ ਮੰਗ ਅੰਗ ਪ੍ਰਦਰਸ਼ਨ।
ਇਹ ਫਿਲਮਾਂ ਨੌਜਵਾਨਾਂ ਪੀੜ੍ਹੀ ਲਈ ਕਿਵੇਂ ਸਾਬਤ ਹੋਣਗੀਆਂ,
ਸਹੀ ਮਾਰਗ ਦਰਸ਼ਨ, ਸਹੀ ਮਾਰਗ ਦਰਸ਼ਨ।

ਕਾਂ ਦੀ ਫਰਿਆਦ

ਕੁੱਝ ਕਾਵਾਂ ਦੇ ਮਨ 'ਚ ਵਿਚਾਰ ਆਇਆ ।
ਉਨ੍ਹਾਂ ਕੁੱਝ ਹੋਰ ਕਾਵਾਂ ਨੂੰ ਬੁਲਾਇਆ ।
ਸਲਾਹ ਕੀਤੀ ਤੇ ਨਵਾਂ ਮਤਾ ਪਕਾਇਆ ।
ਚੱਲੋ ਰੱਬ ਕੋਲ ਚੱਲੀਏ, ਆਪਣੀ ਫਰਿਆਦ ਲੈ ਕੇ,
ਕਦੇ ਅਸੀਂ ਘਰ ਦੇ ਬਨੇਰੇ ਤੇ ਬਹਿ ਕੇ,
ਮਹਿਮਾਨ ਦਾ ਸੁਨੇਹਾ ਲੈ ਕੇ ਜਾਈਦਾ ਸੀ ।
ਕਾਂ-ਕਾਂ ਕਰਕੇ ਕੁਰਲਾਈਦਾ ਸੀ ।
ਪ੍ਰੰਤੂ ਹੁਣ ਸਾਡੇ ਬੋਲਣ ਤੋਂ ਪਹਿਲਾਂ ਹੀ,
ਮੋਬਾਇਲ ਤੇ ਮੈਸਿਜ਼ ਆ ਜਾਂਦਾ ਹੈ ।
ਬਨੇਰੇ ਤੱਕ ਪਹੁੰਚਣ ਤੋਂ ਪਹਿਲਾਂ,
ਮਹਿਮਾਨ ਪਹੁੰਚ ਜਾਂਦਾ ਹੈ ।
ਰੰਗ ਸਾਡਾ ਵੀ ਕਾਲ਼ਾ ਹੈ ।
ਰੰਗ ਮੋਬਾਇਲ ਦਾ ਵੀ ਕਾਲ਼ਾ ਹੈ ।
ਮਹਿਮਾਨ ਸਾਡੇ ਤੋਂ ਵੀ ਕਾਹਲਾ ਹੈ ।
ਏਸੇ ਗੱਲ ਦਾ ਸਾਨੂੰ ਦੁੱਖ ਵੀ ਬਾਹਲ਼ਾ ਹੈ ।
ਚਲੋ ਹੋਰ ਦੇਰੀ ਨਾ ਕਰੀਏ,
ਰੱਬ ਨੂੰ ਕਹੀਏ,
ਸਾਡੀ ਡਿਊਟੀ ਚੇਂਜ ਕਰ ਦੇਵੇ ।
ਲੋਕ ਸਾਨੂੰ ਕਾਲ਼ਾ ਕਾਂ ਕਹਿੰਦੇ ਨੇ,
ਜਾਂ ਰੱਬ ਸਾਡੀ ਬਿਊਟੀ ਚੇਂਜ ਕਰ ਦੇਵੇ ।

ਹਵੇਲੀ ਦਾ ਖਾਣਾ

ਮੇਰੇ ਦੋਵੇਂ ਬੱਚੇ ਜ਼ਿੱਦ ਕਰਦੇ, ਪਾਪਾ ਹਵੇਲੀ ਜਾਣਾ ਹੈ ।
ਥਾਲ਼ੀ ਸਿਸਟਮ ਵਾਲਾ ਖਾਣਾ ਖਾਣਾ ਹੈ ।
ਮੇਰੀ ਪਤਨੀ ਵੀ ਦਬਾ ਪਾਉਂਦੀ, ਚਲੋ ਇਨ੍ਹਾਂ ਨੂੰ ਘੁਮਾ ਲਿਆਈਏ ।
ਏਸੇ ਬਹਾਨੇ ਬੱਚਿਆਂ ਨੂੰ ਟਰਡੀਸ਼ਨਲ ਚੀਜ਼ਾਂ ਵਿਖਾ ਲਿਆਈਏ ।
ਅਖ਼ੀਰ ਮੈਂ ਬੱਚਿਆਂ ਨੂੰ ਭਰੋਸਾ ਦਿਵਾਇਆ,
ਗੱਡੀ ’ਚ ਬਿਠਾਇਆ ।
ਲੈ ਤੁਰਿਆ ਇੱਕ ਅਸਲ ਹਵੇਲੀ ਵਿਖਾਉਣ,
ਘੁੰਮਣ ਅਤੇ ਘੁਮਾਉਣ ।
ਮੈਂ ਮੰਡੀ ਅਹਿਮਦਗੜ੍ਹ ਦੇ ਨਾਲ ਪਿੰਡ ਰਛੀਨ ।
ਮੇਰੀ ਮਾਸੀ ਦੀ ਧੀ ਦੀਪੋ ਦੇ ਡੇਰੇ ’ਤੇ,
ਖੇਤਾਂ ’ਚ ਖੜ੍ਹੀ ਸੀ ਬਰਸੀਨ ਹੀ ਬਰਸੀਨ ।
ਸਾਨੂੰ ਵੇਖਦਿਆਂ ਹੀ ਭੈਣ ਨੂੰ ਚਾਅ ਚੜ੍ਹ ਗਿਆ ।
ਸਾਰਾ ਟੱਬਰ ਸਾਡੇ ਸਤਿਕਾਰ ’ਚ ਏਦਾਂ ਖੜ੍ਹ ਗਿਆ ।
ਜਿੱਦਾਂ ਕੋਈ ਮੰਤਰੀ ਆਇਆ ਹੋਵੇ ।
ਨਾਲ ਕੋਈ ਗ੍ਰਾਂਟ ਵੀ ਲਿਆਇਆ ਹੋਵੇ ।
ਭੈਣ ਹੁਰਾਂ ਵੱਡੇ ਸਾਰੇ ਬਰਾਂਡੇ ’ਚ ਮੰਜੀਆਂ ਡਾਹੀਆਂ ।
ਘੁੱਗੀਆਂ, ਤੋਤਿਆਂ, ਮੋਰਾਂ ਵਾਲੀਆਂ,
ਹੱਥੀਂ ਕੱਢੀਆਂ ਚਾਦਰਾਂ ਵਿਛਾਈਆਂ ।
ਘਰ ਦੀਆਂ ਕੁੜੀਆਂ ਰੋਟੀ ਪਾਣੀ ਦੇ ਆਹਰ ’ਚ ਲੱਗ ਗਈਆਂ ।
ਮਿੰਟੋਂ ਮਿੰਟੀ ਸਾਡੇ ਅੱਗੇ ਕਾੜ੍ਹਨੀ ਦਾ ਦੁੱਧ,
ਬਿਸਕੁਟ ਤੇ ਭੁਜੀਆ ਦੀਆਂ ਪਲੇਟਾਂ ਸੱਜ ਗਈਆਂ ।
ਬੱਚੇ ਖੁਰਲੀਆਂ, ਵੱਛੀਆਂ, ਬੰਬੀਆਂ ਵੇਖ-ਵੇਖ ਹੈਰਾਨ ਹੋਣ ਲੱਗੇ ।
ਭਾਈਆ ਜੀ ਕਿਸਾਨ ਨੂੰ ਆਉਂਦੀਆਂ ਔਕੜਾਂ ਤੋਂ ਪਰੇਸ਼ਾਨ ਹੋਣ ਲੱਗੇ ।
ਬਿਜਾਈ ਤੋਂ ਫ਼ਸਲਾਂ ਦੀ ਕਟਾਈ ਤੱਕ ।
ਫਸਲ ਨੂੰ ਮੰਡੀ ਚ ਲਿਜਾਉਣ ਤੱਕ, ਸਰਕਾਰ ਦਾ ਮੁੱਲ ਨਾ ਵਧਾਉਣ ਤੱਕ ।

ਜਦ ਨੂੰ ਉਨ੍ਹਾਂ ਦਾ ਛੋਟਾ ਮੁੰਡਾ,
ਵੱਡਾ ਸਾਰ ਮੇਜ਼ ਲਿਆਇਆ,
ਉੱਪਰ ਕੱਪੜਾ ਵਿਛਾਇਆ ।
ਚਾਰ ਪੰਜ ਕੌਲੀਆਂ ਵਾਲੀਆਂ,
ਵੱਡੀਆਂ ਵੱਡੀਆਂ ਥਾਲੀਆਂ ।
ਮੂਲੀ ਤੇ ਗੰਢੇ ਦਾ ਸਲਾਦ ।
ਅਦਰਕ, ਮਿਰਚ ਅਤੇ ਅੰਬ ਦਾ ਆਚਾਰ ।
ਸਾਗ, ਦਾਲ, ਆਲੂ ਗੋਭੀ, ਦਹੀਂ-ਬੂੰਦੀ,
ਮੱਕੀ ਦੀਆਂ ਰੋਟੀਆਂ ਗਰਮ ਗਰਮ,
ਤਾਜ਼ਾ ਮੱਖਣ, ਹੱਥੀਂ ਵੱਟੀਆਂ ਸੇਵੀਆਂ ਨਰਮ-ਨਰਮ ।
ਨਾਲ ਲੱਸੀ ਦੇ ਗਿਲਾਸ ।
ਜਦ ਪੀਤੇ ਤਾਂ ਆਏ ਡਕਾਰ 'ਤੇ ਡਕਾਰ,
ਮੇਰੇ ਸ਼ਹਿਰੀ ਬੱਚਿਆਂ ਦੀਆਂ ਹੈਰਾਨੀਕੁਨ ਗੱਲਾਂ ਸੁਣ ਸੁਣ,
ਸਾਰੇ ਉਨ੍ਹਾਂ ਨੂੰ ਕਰਨ ਬਾਰ-ਬਾਰ ਪਿਆਰ ।
ਭੈਣ ਨੇ ਤੁਰਨ ਲੱਗਿਆਂ ਦਿੱਤਾ ਜੁਆਕਾਂ ਨੂੰ ਪੰਜ ਸੌ ਰੁਪਏ ਸ਼ਗਨ,
ਤਾਂ ਮੇਰੇ ਛੋਟੇ ਬੱਚੇ ਨੇ ਕਿਹਾ, "How amazing" ?
ਪਹਿਲਾਂ ਖਾਣਾ ਖਵਾਉਂਦੇ ਨੇ,
ਫੇਰ ਪੈਸੇ ਵੀ ਫੜਾਉਂਦੇ ਨੇ ।
ਮੈਂ ਪਤਨੀ ਨੂੰ ਕਿਹਾ, ਇਹ ਹੈ ਅਸਲ ਹਵੇਲੀ,
ਟਰਡੀਸ਼ਨਲ ਖਾਣਾ ।
ਸਾਡਾ ਸੱਭਿਆਚਾਰ ਪੁਰਾਣਾ, ਸਾਡਾ ਸੱਭਿਆਚਾਰ ਪੁਰਾਣਾ ।

ਅਮਰ ਸ਼ਹੀਦ

ਜ਼ੁਲਮ ਨੂੰ ਠੱਲ੍ਹ ਪਾਉਣ ਲਈ,
ਜ਼ਾਲਮ ਦੀ ਅੱਤ ਨੂੰ ਰੋਕਣ ਲਈ,
ਧਰਮ ਨੂੰ ਬਚਾਉਣ ਲਈ,
ਕੌਮਾਂ ਦੀ ਰੱਖਿਆ ਲਈ ।
ਮਰਨਾ ਪੈਂਦਾ ਹੈ, ਹਰ ਤਸੀਹਾਂ ਜਰਨਾ ਪੈਂਦਾ ਹੈ ।
ਸੀਸ ਕਟਾਉਣਾ ਪੈਂਦਾ ਹੈ, ਫਾਂਸੀ 'ਤੇ ਚੜ੍ਹਨਾ ਪੈਂਦਾ ਹੈ ।
ਗੁਲਾਮੀ ਹਟਾਉਣ ਲਈ,
ਆਜ਼ਾਦੀ ਲਿਆਉਣ ਲਈ ।
ਤੋਪਾਂ ਵੱਲ ਮੂੰਹ ਕਰਕੇ,
ਕਈ ਸਿਰ ਦੇਣੇ ਪੈਂਦੇ ਨੇ ।
ਬਰਬਾਦੀ ਦਾ ਰੁਖ ਬਦਲਣ ਲਈ,
ਸਿਰ ਦੇਣ ਵਾਲਿਆਂ ਦੇ ਨਾਂ ਅੱਗੇ ਲਿਖਿਆ ਜਾਂਦਾ ਹੈ ਸ਼ਹੀਦ ।
ਸੱਚ ਦੀ ਰਸੀਦ ਲੈ ਕੇ,
ਉਹ ਬਣ ਜਾਂਦਾ ਹੈ,
ਅਮਰ ਸ਼ਹੀਦ, ਅਮਰ ਸ਼ਹੀਦ ।

ਮਾਂ ਦੀ ਮਮਤਾ

ਕੋਈ ਮਾਂ ਆਖੇ, ਕੋਈ ਗਾਂ ਆਖੇ ।
ਕੋਈ ਬੋਹੜ ਦੀ ਠੰਡੀ ਛਾਂ ਆਖੇ ।
ਪਿਆਰ ਦਾ ਚਸ਼ਮਾ, ਮਮਤਾ ਮੂਰਤ ।
ਸਭ ਤੋਂ ਪਿਆਰੀ ਭੋਲੀ ਸੂਰਤ ।
ਨਿੱਘ ਦਾ ਅਹਿਸਾਸ ਜਗਾਵੇ ।
ਧਰਤੀ ਬਣ ਸਭ ਜਰਦੀ ਜਾਵੇ ।
ਇਹਦੀ ਗੋਦ ਸਵਰਗ ਜਿਹੀ ਥਾਂ ਜਾਪੇ ।
ਕਦੇ ਧਰੂ ਭਗਤ ਦੀ ਮਾਂ ਜਾਪੇ ।
ਔਖੀ ਘੜੀ 'ਚ ਇਹ ਨਾ ਡਰਦੀ ।
ਇਹ ਨਾ ਵੇਖੇ ਗਰਮੀ ਸਰਦੀ ।
ਗਿੱਲੀ ਥਾਂ 'ਤੇ ਪੈਣ ਨਾ ਦੇਂਦੀ ।
ਧੁੱਪਾਂ ਦੇ ਵਿੱਚ ਬਹਿਣ ਨਾ ਦੇਂਦੀ ।
ਮਨ ਤੋਂ ਇਹ ਕਦੇ ਨਾ ਝਿੜਕੇ ।
ਸੱਚ ਤੋਂ ਇਹ ਕਦੇ ਨਾ ਖਿੜਕੇ ।
ਔਲਾਦ ਦੀ ਖਾਤਿਰ ਨੀਂਦਾਂ ਵਾਰੇ ।
ਮਾਂ ਦਾ ਕਰਜ਼ਾ ਕੌਣ ਉਤਾਰੇ ।
ਵੱਡੇ ਹੋ ਕੇ ਉਹੀਓ ਬੱਚੇ ।
ਹੁੰਦੇ ਝੂਠੇ ਬਣਦੇ ਸੱਚੇ ।
ਮਾਵਾਂ ਨੂੰ ਉਹ ਮਾਰਨ ਧੱਕੇ ।
ਭੁੱਲ ਜਾਵਣ ਉਹ ਸਾਰੇ ਮੱਕੇ ।
ਜ਼ਰਾ ਨਾ ਸੋਚਣ, ਜ਼ਰਾ ਨਾ ਜਾਨਣ ।
ਮਾਂ ਨੂੰ ਨਾ ਹੁਣ ਰੱਬ ਪਛਾਨਣ ।
ਜੇ ਦੁਨੀਆਂ ਤੇ ਮਾਂ ਨਾ ਹੁੰਦੀ ।
ਸਵਰਗ ਜਿਹੀ ਕੋਈ ਥਾਂ ਨਾ ਹੁੰਦੀ ।

ਇਹ ਜੱਗ ਸਾਰਾ ਖੰਡਰ ਹੁੰਦਾ ।
ਨਾ ਕੋਈ ਕੰਮ ਅਡੰਬਰ ਹੁੰਦਾ ।
ਮਾਵਾਂ ਵਾਲਿਓ ਹੋਸ਼ ਕਰੋ ।
ਜਨਨੀ ਨੂੰ ਨਾ ਦੋਸ਼ ਕਰੋ ।
ਹਰ ਮਾਂ ਦਾ ਸਤਿਕਾਰ ਕਰੋ ।
ਇਸ ਨੂੰ ਪੂਜੋ ਪਿਆਰ ਕਰੋ ।
ਜੇਕਰ ਮਾਂ ਨੂੰ ਭੁੱਲ ਜਾਉਗੇ ।
ਮਿੱਟੀ ਦੇ ਵਿੱਚ ਰੁੱਲ ਜਾਉਗੇ ।

ਅੱਜ ਦੇ ਸਰਵਣ

ਹੁਣ ਸਵੇਰੇ ਉੱਠ ਕੇ ਜਦ,
ਕੱਪ ਚਾਹ ਦਾ ਹੱਥ 'ਚ ਫੜੀਦਾ ਹੈ ।
ਕਿੱਥੇ ਕਿੰਨੇ ਮਰੇ ? ਕਿੱਥੇ ਕਿੰਨੇ ਮਾਰੇ ?
ਏਹੋ ਕੁੱਝ ਅਖ਼ਬਾਰਾਂ 'ਚੋਂ ਪੜ੍ਹੀਦਾ ਹੈ ।
ਕਿਤੇ ਪੁੱਤ ਨੇ ਬਾਪ ਨੂੰ ਕਹੀ ਨਾਲ ਵੱਢਤਾ ।
ਕਿਤੇ ਪੁੱਤ ਨੇ ਮਾਂ ਦਾ ਗਲਾ ਦੱਬਤਾ ।
ਕਿਤੇ ਭਰਾ ਨੇ ਭਰਾ ਦਾ ਸਿਰ ਪਾੜਤਾ ।
ਕਿਤੇ ਦੋਸਤ ਨੇ ਦੋਸਤ ਦਾ ਘਰ ਉਜਾੜਤਾ ।
ਕਿਤੇ 3 ਬੱਚਿਆਂ ਦੀ ਮਾਂ ਪ੍ਰੇਮੀ ਨਾਲ ਫਰਾਰ ।
ਕਿਤੇ 2 ਬੱਚਿਆਂ ਦਾ ਬਾਪ, ਭਜਾ ਕੇ ਲੈ ਗਿਆ ਮੁਟਿਆਰ ।
ਹਰ ਕੋਈ ਕਿਸੇ ਨਾ ਕਿਸੇ ਦੇ ਖ਼ੂਨ ਦਾ ਪਿਆਸਾ ਹੈ ।
ਕਿਸੇ ਨੂੰ ਕਿਸੇ ਤੇ ਤਰਸ ਨਾ ਆਉਂਦਾ ਮਾਸਾ ਹੈ ।
ਜਿਹੜੇ ਪੁੱਤਰ ਆਪਣੇ ਜਣਦਿਆਂ ਨੂੰ ਮਾਰਦੇ ਨੇ,
ਉਹ ਕੀ ਸੋਚਦੇ ਨੇ ? ਕੀ ਲੋਚਦੇ ਨੇ ? ਕੀ ਵਿਚਾਰਦੇ ਨੇ ?
ਜੋ ਰੁੱਖ ਛਾਂ ਦੇਣ ਦੀ ਬਜਾਏ, ਧਰਤੀ ਦਾ ਪਿੰਡਾ ਸਾੜਦੇ ਹੋਣ ।
ਕਿਵੇਂ ਪਸੀਨੇ ਸੁੱਕਣਗੇ, ਜਦੋਂ ਮਹੀਨੇ ਜੇਠ ਹਾੜ ਦੇ ਹੋਣ ।
ਜਦ ਅੱਖਾਂ ਮੂਹਰੇ, ਆਸਾਂ ਦੇ ਸੁਪਨੇ,
ਨੀਲੇ ਹੋਣ, ਤੀਲੇ ਤੀਲੇ ਹੋਣ ।
ਜੇ ਮੇਵ ਮਿੱਠੇ ਹੋਣ ਦੀ ਥਾਂ,
ਕੌੜੇ ਹੋਣ, ਜ਼ਹਿਰੀਲੇ ਹੋਣ ।
ਜਿੱਥੇ ਪੁੱਤਰ ਬਣਨ ਡੰਗੋਰੀ,
ਉੱਥੇ ਮਾਪੇ ਸਰਵਣਾਂ ਲਈ ਕਿਉਂ ਤਰਸਣ ।
ਜੇ ਕਿਤੇ ਘਰ ਘਰ ਹੋਣ ਸਰਵਣ,
ਉੱਥੇ ਖੁਸ਼ੀਆਂ ਦੇ ਮੇਘ ਵਰਸਣ ।
ਉੱਥੇ ਖੁਸ਼ੀਆਂ ਦੇ ਮੇਘ ਵਰਸਣ ।

ਰੱਬ

ਕੌਣ ਹੈ ਰੱਬ ?
ਕਿੱਥੇ ਹੈ ਰੱਬ ?
ਜਿਸ ਨੂੰ ਲੱਭਦੇ ਫਿਰਦੇ ਨੇ ਸਭ ।
ਰੱਬ ਸੰਗਮਰਮਰੀ ਦੀਵਾਰਾਂ ਵਿੱਚ ਕੈਦ ਨਹੀਂ,
ਰੱਬ ਤਾਂ ਆਜ਼ਾਦ ਹੈ, ਹਰ ਕਣ ਵਿੱਚ,
ਰੱਬ ਭੀਲਣੀ 'ਚ ਹੈ, ਰੱਬ ਧੰਨੇ 'ਚ ਹੈ,
ਜਿੱਧਰ ਮਰਜ਼ੀ ਵੇਖੋ, ਰੱਬ ਹਰ ਬੰਨੇ 'ਚ ਹੈ ।
ਰੱਬ ਪਾਖੰਡ 'ਚ ਨਹੀਂ,
ਰੱਬ ਕਰਮ ਕਾਂਡ 'ਚ ਨਹੀਂ ।
ਰੱਬ ਜੇ ਇੱਛਾਵਾਂ 'ਚ ਹੁੰਦਾ ।
ਤਾਂ ਕੀ ਲੋੜ ਸੀ ਅਰਜਨ ਨੂੰ ਗੀਤਾ ਉਪਦੇਸ਼ ਦੇਣ ਦੀ ।
ਜੇ ਰੱਬ ਲੁੱਟਾਂ-ਖੋਹਾਂ ਨਾਲ ਮਿਲਦਾ,
ਤਾਂ ਕੀ ਲੋੜ ਸੀ ਭਾਈ ਲਾਲੋ ਦੀ ਰੋਟੀ 'ਚੋ ਦੁੱਧ ਵਗਾਉਣ ਦੀ ।
ਜੇ ਰੱਬ ਮੰਦਿਰਾਂ 'ਚ ਹੁੰਦਾ,
ਤਾਂ ਕੀ ਲੋੜ ਸੀ ਤਪਦੇ ਥੰਮ 'ਚੋਂ ਕੀੜੀ ਬਣ,
ਪ੍ਰਹਿਲਾਦ ਨੂੰ ਡੋਲਣੋਂ ਬਚਾਉਣ ਦੀ ।
ਜੇ ਝੂਠ ਬੋਲਿਆਂ ਰੱਬ ਮਿਲਦਾ,
ਤਾਂ ਕੀ ਲੋੜ ਸੀ ਈਸਾ ਨੂੰ ਸੂਲੀ ਚੜ੍ਹਨ ਦੀ ।
ਜੇ ਕਰਾਮਾਤਾਂ 'ਚ ਰੱਬ ਹੁੰਦਾ,
ਤਾਂ ਕੀ ਲੋੜ ਸੀ ਗੁਰੂ ਗੋਬਿੰਦ ਸਿੰਘ ਜੀ ਨੂੰ,
ਖਾਲਸਾ ਸਾਜਣ ਦੀ, ਤਲਵਾਰ ਫੜ੍ਹਨ ਦੀ ।

ਰੱਬ ਤਾਂ ਹਰ ਬੰਦੇ ਅੰਦਰ ਹੈ,
ਪੰਜ ਐਬਾਂ ਦੇ ਭਾਰ ਹੇਠ ਦੱਬਿਆ ।
ਮਨ 'ਚੋਂ ਪੰਜੇ ਦੂਤ ਬਾਹਰ ਕੱਢੋ,
ਤੇ ਰੱਬ ਨਾਲ ਸਿੱਧੀ ਗੱਲ ਕਰੋ ।
ਮੈਂ - ਮੈਂ ਦਾ ਝਗੜਾ ਮੁਕਾਉ,
ਤੂੰ ਮੈਂ, ਤੂੰ ਮੈਂ ਦਾ ਮਸਲਾ ਹੱਲ ਕਰੋ ।

ਲੋਹੜੀ

ਕਿਸੇ ਘਰ ਪਹਿਲੇ ਮੁੰਡੇ ਦੀ,
ਕਿਸੇ ਘਰ ਜੋੜੀ ਦੀ,
ਮਨਾਈ ਜਾ ਰਹੀ ਲੋਹੜੀ ਸੀ ।
ਸਾਡੇ ਘਰ ਤੀਜੀ ਕੁੜੀ ਦੀ,
ਆਮਦ 'ਤੇ ਚੁੱਪ ਚਾਂ ਸੀ ।
ਇੱਕ ਨੁਕਰੇ ਬੈਠੀ ਤਿੰਨਾਂ ਧੀਆਂ ਦੀ ਮਾਂ ਸੀ ।
ਬੋਲਦੀ ਸੀ ਤਾਂ ਕੇਵਲ ਇੱਕ ਬੁੜੀ ਸੀ ।
ਕਿੱਥੋਂ ਜੰਮ ਪਈ ਇਹ ਤੀਜੀ ਕੁੜੀ ਸੀ ।
ਧੀਆਂ ਦੀ ਮਾਂ ਨੁੱਕਰੇ ਪਈ,
ਸੁੱਕਣੇ ਪਈ,
ਸੋਚ ਰਹੀ ਸੀ ।
ਜੇ ਮੇਰੀ ਸੱਸ ਦੀ ਮਾਂ ਨੇ ਉਸ ਦੇ ਜਨਮ 'ਤੇ ਖੁਸ਼ੀ ਮਨਾਈ ਹੁੰਦੀ ।
ਤਾਂ ਪੀੜ੍ਹੀ ਦਰ ਪੀੜ੍ਹੀ ਕੋਈ ਨੂੰਹ-ਧੀ ਨਾ ਸਤਾਈ ਹੁੰਦੀ ।
ਕਿਤੇ ਸਾਡੇ ਵਡੇਰਿਆਂ ਨੇ ਧੀਆਂ ਦੀ ਵੀ ਲੋਹੜੀ ਮਨਾਈ ਹੁੰਦੀ ।
ਤਾਂ ਅੱਜ ਮੇਰੇ ਨਾਲ ਨਾ ਏਨੀ ਬੇਵਫਾਈ ਹੁੰਦੀ ।
ਪਰ ਚਲੋ ਕੋਈ ਨਾ,
ਇਹ ਪਹਿਲ ਕਦਮੀ, ਮੈਂ ਕਰਾਂਗੀ ।
ਬੋਲ ਕਬੋਲ ਨਾ ਮੈਂ ਜਰਾਂਗੀ ।
ਮੈਂ ਆਪਣੀਆਂ ਧੀਆਂ ਦੀ ਲੋਹੜੀ ਮਨਾਵਾਂਗੀ ।
ਲੋਹੜੀ ਕੇਵਲ ਪੁੱਤਾਂ ਦੀ ਨਹੀਂ,
ਧੀਆਂ ਦੀ ਵੀ ਹੋ ਸਕਦੀ ਹੈ,
ਕਰਕੇ ਵਿਖਾਵਾਂਗੀ ।
ਕਰਕੇ ਵਿਖਾਵਾਂਗੀ ।

ਤਰੱਕੀ

ਕੋਈ ਤਕਦੀਰਾਂ ਨੂੰ ਕੋਸਦਾ ਹੈ ।
ਕੋਈ ਹੱਥ ਦੀਆਂ ਲਕੀਰਾਂ ਨੂੰ ਕੋਸਦਾ ਹੈ ।
''ਯਾਰ ਜ਼ਿੰਦਗੀ 'ਚ ਕੁੱਝ ਬਣ ਨਹੀਂ ਸਕੇ ।
ਕਿਸਮਤ ਨੇ ਸਾਥ ਨਹੀਂ ਦਿੱਤਾ''
ਇਹ ਸ਼ਬਦ ਨਿਕੰਮ ਲੋਕਾਂ ਦੇ ਨੇ ।
ਆਵਾਰਾਗਰਦੀਆਂ ਨਾਲ ਮੰਜ਼ਿਲਾਂ ਨਹੀਂ ਮਿਲਦੀਆਂ ।
ਕੁਰਾਹੇ ਜਾਣ ਨਾਲ, ਜ਼ਿੰਦਗੀ ਦਾ ਰਾਹ ਨਹੀਂ ਲੱਭਦਾ ।
ਬੇਈਮਾਨੀ ਨਾਲ ਉੱਨਤੀਆਂ ਨਹੀਂ ਹੁੰਦੀਆਂ ।
ਮੰਜ਼ਿਲ 'ਤੇ ਜਾਣ ਲਈ,
ਸਮੁੱਚੀ ਪਹਿਚਾਣ ਲਈ,
ਰਾਤਾਂ ਨੂੰ ਜਾਗਣਾ ਪੈਂਦਾ ਹੈ ।
ਐਸ਼ੋ-ਆਰਾਮ ਤਿਆਗਣਾ ਪੈਂਦਾ ਹੈ ।
ਜਦੋਂ ਰੱਬ ਦੇ ਨੂਰ ਦਾ, ਮਿਹਰ ਦਾ, ਸਰੂਰ ਮਿਲਦਾ ਹੈ ।
ਉਦੋਂ ਮਿਹਨਤ ਦਾ ਫਲ ਵੀ ਜ਼ਰੂਰ ਮਿਲਦਾ ਹੈ ।
ਸਫਲਤਾ ਦੀਆਂ ਕੁੰਜੀਆਂ ਕਦੇ ਨਾ ਗੁੰਮਦੀਆਂ ਨੇ ।
ਜਿਨ੍ਹਾਂ ਭਰਾਵਾਂ ਦੇ ਤਰੱਕੀਆਂ ਪੈਰ ਚੁੰਮਦੀਆਂ ਨੇ ।
ਕਿਉਂਕਿ ਹੱਥ ਸਿਰਜਣਹਾਰ ਨੇ ਤਕਦੀਰਾਂ ਦੇ ।
ਮੈਂ ਸਦਕੇ ਜਾਵਾਂ ਅਜਿਹੇ ਵੀਰਾਂ ਦੇਂ ।

ਪੰਦਰਾ ਅਗਸਤ

ਅੱਜ 15 ਅਗਸਤ ਹੈ ।
ਹਰ ਨੇਤਾ ਆਜ਼ਾਦੀ ਦੇ ਜਸ਼ਨ 'ਚ ਮਸਤ ਹੈ ।
ਤਿਰੰਗੇ ਝੰਡੇ ਚੜਾਏ ਜਾ ਰਹੇ ਨੇ ।
ਦੇਸ਼ ਦੀ ਆਜ਼ਾਦੀ ਲਈ ਮਰਨ ਵਾਲੇ ਸ਼ਹੀਦਾਂ ਦੇ,
ਗੀਤ ਗਾਏ ਜਾ ਰਹੇ ਨੇ ।
ਭਾਰਤ ਮਾਤਾ ਦੀ ਜੈ ਹੋ,
ਦੇ ਨਾਅਰੇ ਲਗਾਏ ਜਾ ਰਹੇ ਨੇ ।
ਦੂਜੇ ਪਾਸੇ ਕਿਸੇ ਔਰਤ ਦਾ ਸ਼ਰਾਬੀ ਪਤੀ,
ਉਸਨੂੰ ਗੁੱਤੋਂ ਘੜੀਸਦਾ,
ਗਲੀ 'ਚ ਕੁੱਟਦਾ ਲਿਆਇਆ,
ਵਾਲ ਪੁੱਟਦਾ ਲਿਆਇਆ ।
ਇੱਕ ਹੋਰ ਔਰਤ, ਜਿਸਦੇ ਸਹੁਰਿਆਂ ਨੇ,
ਜ਼ਬਰਨ ਉਸਦਾ ਅਬਾਰਸ਼ਨ ਕਰਾਇਆ ।
5 ਗੁੰਡਿਆਂ ਨੇ ਇੱਕ ਨਾਬਾਲਿਗ ਕੁੜੀ ਨਾਲ,
ਮੂੰਹ ਕਾਲਾ ਕਰਾਇਆ ।
ਕਿਸੇ ਘਰ ਸੱਸ ਨੇ ਘੱਟ ਦਾਜ ਕਰਕੇ,
ਨੂੰਹ ਉੱਪਰ ਮਿੱਟੀ ਦਾ ਤੇਲ ਪਾਇਆ ।
ਇਨ੍ਹਾਂ ਔਰਤਾਂ ਨੂੰ ਨਹੀਂ ਸੀ ਸਾਰ,
ਪਈ ਅੱਜ 15 ਅਗਸਤ ਹੈ ।
ਇਹ ਤਾਂ ਅੱਜ ਵੀ ਗੁਲਾਮ ਨੇ,
ਸੱਸ ਦੀਆਂ, ਪਤੀ ਦੀਂ, ਸਮਾਜ ਦੀਆਂ ।
ਇਨ੍ਹਾਂ ਦੀਆਂ ਚੀਕਾਂ ਆਜ਼ਾਦੀ ਦੇ ਜੈਕਾਰਿਆਂ 'ਚ ਦੱਬੀਆਂ ਗਈਆਂ ।
ਪਹਿਲਾਂ ਇਨ੍ਹਾਂ ਔਰਤਾਂ ਨੂੰ ਆਜ਼ਾਦ ਕਰਾਉ ।
ਫੇਰ ਆਜ਼ਾਦੀ ਦਿਹਾੜਾ ਮਨਾਉ ।

ਅੱਗ

ਅੰਗਿਆਰ ਤੋਂ ਬਿਨ੍ਹਾਂ,
ਤਪਸ਼ ਤੋਂ ਸੱਖਣੀ,
ਧੂੰਏ ਤੋਂ ਰਹਿਤ,
ਕਿਹੜੀਆਂ ਲਾਟਾਂ ਨੇ ?
ਕਾਹਦੀ ਅੱਗ ਹੈ ?
ਕੀ ਸੜ੍ਹ ਰਿਹਾ ਹੈ ?
ਅਸੱਭਿਅਤਾ ਦੇ ਅੰਗਿਆਰ ਨੇ,
ਪੱਛਮ ਦੀ ਤਪਸ਼ ਹੈ,
ਅਨੈਤਿਕਤਾ ਦਾ ਧੂੰਆ ਹੈ,
ਫਿਰਕਾਪ੍ਰਸਤੀ ਦੀਆਂ ਲਾਟਾਂ ਨੇ,
ਸਵਾਰਥ ਦੀ ਅੱਗ ਹੈ,
ਮਨੁੱਖਤਾ ਸੜ ਰਹੀ ਹੈ ।

ਧੀ ਨੂੰ ਸਿੱਖਿਆ

ਵੈਸੇ ਤਾਂ ਅੱਜ ਕੱਲ੍ਹ ਸਿੱਖਿਆ ਪੜ੍ਹਨ ਦਾ ਰਿਵਾਜ਼ ਨਹੀਂ ਹੈ ।
ਕੁੜੀਆਂ ਨੂੰ ਵੀ ਹੁਣ ਪਹਿਲਾਂ ਵਰਗੀ ਕੋਈ ਲੋਕ ਲਾਜ ਨਹੀਂ ਹੈ ।
ਫਿਰ ਵੀ ਇੱਕ ਦਰਮਿਆਨੇ ਵਿਆਹ ਵਿੱਚ,
ਇੱਕ ਪੱਧਰ ਪੁਰਸ਼ ਸਿੱਖਿਆ ਪੜ੍ਹ ਰਿਹਾ ਸੀ ।
ਮਾਡਰਨ ਜ਼ਮਾਨੇ ਦੀ ਮਾਡਰਨ ਕੁੜੀ ਲਈ,
ਨਵੇਂ-ਨਵੇਂ ਫ਼ਿਕਰੇ ਉਹ ਘੜ ਰਿਹਾ ਸੀ ।
ਦੂਜੇ ਗੇੜੇ ਹੀ ਘਰ ਵਿੱਚ ਪਾਈਂ ਭੜਥੂ,
ਬੁੜ੍ਹਾ ਬੁੜ੍ਹੀ ਨੂੰ ਅੱਡ ਤੂੰ ਕਰ ਦੇਵੀਂ ।
ਦੇਰ ਜੇਠ ਤੇਰਾ ਕੋਈ ਉਂਝ ਹੈ ਨਹੀਂ,
ਨਣਾਨ ਨੂੰ ਵੀ ਬਹੁਤਾ ਨਾ ਮੂੰਹ ਲਾਵੀਂ ।
ਘਰ ਵਾਲੇ ਦਾ ਬਹੁਤਾ ਨਾ ਰੋਅਬ ਸਹਿਣਾ,
ਬੜੀ ਹੁਸ਼ਿਆਰੀ ਨਾਲ ਉਂਗਲਾਂ 'ਤੇ ਨਚਾਵੀਂ ।
ਕਮਾਈ ਸਾਰੀ ਤੂੰ ਆਪਣੇ ਹੱਥ ਰੱਖੀਂ,
ਕਿੱਟੀਆਂ ਪਾਰਟੀਆਂ, ਕਲੱਬਾਂ ਵਿੱਚ ਜਾਵੀਂ ।
ਡਰਨ ਡੁਰਨ ਦੀ ਐਵੇਂ ਨਹੀਂ ਲੋੜ ਤੈਨੂੰ,
ਮਗਰ ਹੈਗੇ ਆਂ, ਐਵੇਂ ਨਾ ਘਬਰਾਵੀਂ ।
ਸਿੱਖਿਆ ਪੜ੍ਹ ਸਮਾਜ ਦੇ ਮੂੰਹ ਉੱਤੇ,
ਬੜੇ ਜ਼ੋਰ ਦੀ ਉਹਨੇ ਚਪੇੜ ਮਾਰੀ ।
ਕੀ ਇਹੋ ਹੀ ਨੇ ਸੰਸਕਾਰ ਸਾਡੇ,
ਤਾਣੀ ਸਾਰੀ ਹੀ ਉਸ ਉਖੇੜ ਮਾਰੀ ।
ਭਾਵੇਂ ਕਿੰਨਾ ਵੀ ਧੀਆਂ ਨੇ ਪੜ੍ਹ ਗਈਆਂ,
ਸਹਿਣਸ਼ੀਲਤਾ ਉੱਕਾ ਹੀ ਮੁੱਕ ਗਈ ਏ ।
ਤਾੜ ਤਾੜ ਜ਼ੁਬਾਨ ਚਲਾਉਂਦੀਆਂ ਨੇ,
ਸ਼ਰਮ ਹਯਾ ਦੀ ਚੁੰਨੀ ਤਾਂ ਲੁੱਕ ਗਈ ਏ ।

ਜੇਕਰ ਚਾਹੁੰਦੇ ਹੋ ਤੁਸੀਂ ਵੀ ਨੂੰਹ ਚੰਗੀ,
ਪਹਿਲਾਂ ਧੀਆਂ ਨੂੰ ਗੁਣ ਸਿਖਾਉ ਸਾਰੇ ।
ਆਗਿਆਕਾਰ, ਸੁਚੱਜੀਆਂ, ਸਦਾਚਾਰਕ,
ਧੀਆਂ ਗੁਣੀ ਗਿਆਨੀ ਬਣਾਉ ਸਾਰੇ ।
ਪਿਆਰ ਛੋਟਿਆਂ ਨੂੰ, ਸੇਵਾ ਵੱਡਿਆਂ ਦੀ,
ਹੱਥੀਂ ਕਰਨੀ ਸਾਰੇ ਸਮਝਾਉਣ ਮਾਪੇ ।
ਦਖ਼ਲ ਦੇਣ ਨਾ ਲੋੜ ਤੋਂ ਵੱਧ ਜਿਹੜੇ,
ਉਹ ਸੁੱਘੜ ਸਿਆਣੇ ਕਹਾਉਣ ਮਾਪੇ ।

ਦੀਵਾਲੀ

ਹਰ ਸਾਲ ਆਉਂਦੀ ਦੀਵਾਲੀ ਨੂੰ,
ਕਰਮਾਂ ਵਾਲੀ ਨੂੰ ।
ਦੀਵੇ ਬਾਲਦੇ ਹਾਂ, ਪਟਾਕੇ ਚਲਾਉਂਦੇ ਹਾਂ,
ਪ੍ਰਦੂਸ਼ਣ ਫੈਲਾਉਂਦੇ ਹਾਂ ।
ਨਾਲ ਦੀ ਨਾਲ, ਰਾਮ ਚੰਦਰ ਜੀ ਦੀ ਯਾਦ ਵਿੱਚ,
ਜੂਆ ਖੇਡਦੇ, ਸ਼ਰਾਬਾਂ ਉਡਾਉਂਦੇ ਹਾਂ ।
ਲੱਛਮੀ ਦੀ ਪੂਜਾ ਕਰਦੇ ਹਾਂ,
ਧਨ ਉਜਾੜਦੇ ਹਾਂ ।
ਰਾਮ ਜੀ ਦੇ ਆਯੁਧਿਆ ਆਉਣ ਦੀ ਖੁਸ਼ੀ ਵਿੱਚ,
ਬੱਕਰੇ ਪਾੜਦੇ ਹਾਂ ।
ਇਸ ਮਹਿੰਗਾਈ ਦੇ ਦੌਰ ਵਿੱਚ,
ਰੋਟੀ ਤਾਂ ਪੂਰੀ ਨਹੀਂ ਪੈਂਦੀ,
ਪਹਿਲਾਂ ਹੀ ਦੀਵਾਲਾ ਨਿਕਲਿਆ ਪਿਐ,
ਦੀਵਾਲੀ ਮਨਾ ਕੇ ਹੋਰ ਦੀਵਾਲਾ ਕਢਾਉਂਦੇ ਹਾਂ ।
ਆਉ ਦੀਵਾਲੀ ਦੀ ਸ਼ਾਮ ਰੁੱਸਿਆਂ ਨੂੰ ਮਨਾਈਏ,
ਗਿਆਨ ਦੇ ਦੀਪਕ ਜਗਾਈਏ ।
ਗਰੀਬ-ਬਿਮਾਰਾਂ ਦਾ ਇਲਾਜ ਕਰਾਈਏ,
ਭੁੱਖਿਆਂ ਦੇ ਮੂੰਹ ਰੋਟੀ ਪਾਈਏ ।
ਪ੍ਰਭੂ-ਭਗਤੀ ਦੇ ਗੀਤ ਗਾਈਏ ।
ਪਟਾਕੇ ਨਾ ਫੂਕ ਕੇ ਧਨ ਬਚਾਈਏ ।
ਆਉ ਏਦਾਂ ਦੀਵਾਲੀ ਮਨਾਈਏ ।

ਮੇਰੀ ਕਲਮ

ਹੱਕ ਲਈ ਲੜਨਾ ਜਾਣਦੀ ਹੈ ।
ਧਰਮ ਲਈ ਸੜਨਾ ਜਾਣਦੀ ਹੈ ।
ਆਜ਼ਾਦੀ ਲਈ ਖੜ੍ਹਨਾ ਜਾਣਦੀ ਹੈ ।
ਸੱਚ ਉਗਲਦੀ ਹੈ ।
ਮੇਰੀ ਕਲਮ ਦੇ, ਹਰ ਕਾਲੇ ਅੱਖਰ 'ਚੋਂ,
ਪਿਆਰ ਦੀ ਭਾਵਨਾ ਸੁਲਗਦੀ ਹੈ ।
ਬੇਅਣਖਾਂ ਲਈ ਗੈਰਤ ਦਾ ਰਸਤਾ ਵਿਖਾਉਂਦੀ ਹੈ ।
ਬੇਅਕਲਾਂ ਨੂੰ ਅਕਲਾਂ ਦੇ ਸਬਕ ਸਿਖਾਉਂਦੀ ਹੈ ।
ਮੇਰੀ ਕਲਮ ਜਾਬਰ ਤੋਂ ਡਰਨਾ ਨਹੀਂ ਜਾਣਦੀ ।
ਜ਼ਾਲਮ ਦੇ ਜ਼ੁਲਮਾਂ ਨੂੰ ਜਰਨਾ ਨਹੀਂ ਜਾਣਦੀ ।
ਕਦੇ ਮੇਰੀ ਕਲਮ ਸਿਰਜਦੀ ਹੈ, ਗੀਤਾਂ ਨੂੰ ।
ਦੁਹਰਾਉਂਦੀ ਹੈ ਹੀਰ, ਲੈਲਾ, ਸੱਸੀ ਦੀਆਂ ਪ੍ਰੀਤਾਂ ਨੂੰ ।
ਤਰਸਦੀ ਹੈ, ਵਿਲਕਦੀ ਹੈ, ਸੱਜਣਾਂ ਦੇ ਮਿਲਾਪ ਨੂੰ ।
ਬਾਖ਼ੂਬੀ ਪੇਸ਼ ਕਰਦੀ ਹੈ, ਪੀੜਾ ਤੇ ਵਿਰਲਾਪ ਨੂੰ ।
ਮੇਰੀ ਕਲਮ ਦਾ ਹਰ ਬੋਲ ਤਿੱਖਾ ਹੈ ਤੇਰੀ ਤਲਵਾਰ ਨਾਲੋਂ ।
ਦੁਸ਼ਮਣੀ ਚੰਗੀ ਹੈ ਤੇਰੀ ਤੇਰੇ ਝੂਠੇ ਪਿਆਰ ਨਾਲੋਂ ।
ਮੇਰੀ ਕਲਮ ਜਾਂਦੀ ਹੈ, ਸਾਗਰ ਦੀ ਗਹਿਰਾਈ ਤੱਕ ।
ਪਹੁੰਚ ਜਾਂਦੀ ਹੈ, ਪਰਬਤ ਦੀ ਹਰ ਉਚਾਈ ਤੱਕ ।
ਮੇਰੀ ਕਲਮ ਸੁਪਨੇ ਜਗਾਉਂਦੀ ਹੈ ।
ਆਸਾਂ ਦੇ, ਧਰਵਾਸਾਂ ਦੇ, ਮਹਿਕਾਂ ਵੰਡਦੀ ਹੈ ।
ਖ਼ੁਸ਼ਬੂਆਂ ਖਲੇਰਦੀ ਤੇ ਦੋਸਤੀਆਂ ਗੰਢਦੀ ਹੈ ।
ਲਾ ਕੇ ਨਿਭਾਣ ਦੇ ਬੀਜ ਹੈ ਬਿਖੇਰਦੀ ।
ਪੱਕੀ ਸਹੇਲੀ ਹੈ ਹਰ ਨਵੀਂ ਸਵੇਰ ਦੀ ।
ਮੇਰੀ ਕਮਲ ਤੋਤਲੇ ਅੱਥਰੂਆਂ ਦਾ ਸਹਾਰਾ ਵੀ ਬਣਦੀ ਹੈ ।
ਬੇਖੌਫ਼, ਬੇਹੋਸ਼, ਜਵਾਨੀ ਦਾ ਕਿਨਾਰਾ ਵੀ ਬਣਦੀ ਹੈ ।

ਰਾਹ ਦੱਸਦੀ ਹੈ ਤਰੱਕੀ ਦਾ ਮਾੜੇ ਗਰੀਬ ਨੂੰ ।
ਬਦਲ ਦੇਂਦੀ ਹੈ ਉਸਦੇ ਸੌੜੇ ਨਸੀਬ ਨੂੰ ।
ਮੇਰੀ ਕਲਮ ਗੁਣਗਾਨ ਕਰਦੀ ਹੈ।
ਰੱਬੀ ਬਾਣੀ ਦਾ ਵਿਖਿਆਨ ਕਰਦੀ ਹੈ ।
ਹਰ ਮਜ਼ਹਬ ਨੂੰ ਪਿਆਰ ਕਰਦੀ ਹੈ ।
ਨਾਰੀ ਦੇ ਹਰ ਰੂਪ ਦਾ ਸਤਿਕਾਰ ਕਰਦੀ ਹੈ ।
ਲਹੂ 'ਚ ਭਿੱਜੇ ਸ਼ਬਦਾਂ ਨੂੰ ਪ੍ਰੇਮ 'ਚ ਤਬਦੀਲ ਕਰਦੀ ਹੈ ।
ਨਿਆਂ-ਅਨਿਆਂ ਦੇ ਮਸਲੇ 'ਤੇ ਦਲੀਲ ਕਰਦੀ ਹੈ ।
ਝੂਠ ਦੇ ਮੂੰਹ ਤੇ ਸੱਚ ਦਾ ਥੱਪੜ ਮਾਰਦੀ ਹੈ, ਜ਼ਲੀਲ ਕਰਦੀ ਹੈ ।
ਹੌਂਸਲਿਆਂ ਨੂੰ ਸੰਵਾਰਦੀ, ਸ਼ਕਤੀਆਂ ਨੂੰ ਜਨਮਦੀ,
ਨਿੱਤ ਨਵੇਂ ਜਹਾਨ ਸਿਰਜਦੀ,
ਇਸ ਦੀ ਸਿਆਹੀ ਮੁੱਕ ਨਹੀਂ ਸਕਦੀ ।
ਸੁੱਕ ਨਹੀਂ ਸਕਦੀ ।
ਮੇਰੀ ਕਲਮ ਕਦੇ ਰੁੱਕ ਨਹੀਂ ਸਕਦੀ ।
ਮੇਰੀ ਕਲਮ ਕਦੇ ਰੁੱਕ ਨਹੀਂ ਸਕਦੀ ।

ਅਮੀਰ - ਗਰੀਬ

ਗਰੀਬ ਵਿਚਾਰੇ,
ਧਨ ਤੋਂ ਸੱਖਣੇ,
ਪੁਰਾਣੇ - ਸ਼ਰਾਣੇ,
ਪਾਟੇ - ਪੂਟੇ,
ਮੰਗ ਮੂੰਗ ਕੇ,
ਕੱਪੜੇ ਪਾਉਣ,
ਤਨ ਲੁਕਾਉਣ,
ਜੂਨ ਹੰਢਾਉਣ,
ਫਿਰ ਵੀ ਰੱਬ ਦਾ ਸ਼ੁਕਰ ਮਨਾਉਣ ।
ਪੈਸੇ ਵਾਲੀਆਂ,
ਕੀ ਕੁਆਰੀਆਂ,
ਕੀ ਘਰ ਵਾਲੀਆਂ,
ਫੈਸ਼ਨ ਦੇ ਯੁੱਗ ਵਿੱਚ,
ਨਿੱਕੀ ਜਿਹੀ ਝੱਗੀ,
ਛੋਟੀ ਜਿਹੀ ਕੱਛੀ
ਲੱਤਾਂ ਬਾਹਾਂ,
ਢਿੱਡ - ਪਿੱਠ
ਨੰਗਿਆਂ ਰੱਖਣ,
ਤਨ ਨਾ ਢੱਕਣ,
ਸਰਦੀ ਵਿੱਚ ਵੀ ਗਰਮੀ ਦਾ ਅਹਿਸਾਸ ਕਰਾਉਣ ।
ਉਹ ਨਾ ਕਦੇ ਸਵੈਟਰ ਪਾਉਣ ।
ਉਨ੍ਹਾਂ ਕੋਲ ਤਾਂ ਜਿੰਨੇ ਪੈਸੇ ਵੱਧਣਗੇ,
ਉਂਨੇ ਕੱਪੜੇ ਘੱਟਣਗੇ ।

ਓ ਗਾਡ !

ਅਮੀਰਾਂ ਦੇ ਥੋੜੇ ਪੈਸੇ ਘਟਾ,

ਇਨ੍ਹਾਂ ਦਾ ਵੀ ਨੰਗੇਜ਼ ਢੱਕ ਕੱਪੜੇ ਵਧਾ ।

ਥੋੜ੍ਹਾ ਜਿਹਾ ਗਰੀਬੀ ਦਾ ਅਹਿਸਾਸ ਕਰਾ ।

ਜਾਂ ਰੱਬਾ ਅਮੀਰ ਗਰੀਬ ਇੱਕੋ ਜਿਹੇ ਬਣਾ ।

ਕਹਾਣੀਆਂ

ਦਾਦੀ ! ਦਾਦੀ !
ਸੁਣਾ ਦਿਉ ਨਾ ਕੋਈ ਕਹਾਣੀ ।
ਇੱਕ ਸੀ ਰਾਜਾ, ਇੱਕ ਸੀ ਰਾਣੀ ।
ਜਾਂ ਕਿਸੇ ਪਰੀ ਦੀ ਬਾਤ ਸੁਣਾ ਦਿਉ ।
ਜਾਦੂਗਰ ਦੀ ਕੋਈ ਕਰਾਮਾਤ ਸੁਣਾ ਦਿਉ ।
ਗੁਰੂ ਨਾਨਕ ਦੇਵ ਜੀ ਦੀ ਕੋਈ ਸਾਖੀ ਸੁਣਾ ਦਿਉ ।
ਗੁਰੂ ਗੋਬਿੰਦ ਸਿੰਘ ਜੀ ਦੀ ਖਾਲਸਾ ਪੰਥ ਦੀ ਵਿਸਾਖੀ ਸੁਣਾ ਦਿਉ ।
ਜਾਂ ਝਾਂਸੀ ਵਾਲੀ ਰਾਣੀ ਦੀ ਸਾਰੀ ਵਿਥਿਆ ਸੁਣਾ ਦਿਉ ।
ਜ਼ਲ੍ਹਿਆਂ ਵਾਲਾ ਬਾਗ ਦੀ ਸਾਰੀ ਗਾਥਾ ਸੁਣਾ ਦਿਉ ।
ਦੇਸ਼ ਭਗਤ ਫਾਂਸੀਆਂ ਉੱਪਰ ਕਿਵੇਂ ਚੜ੍ਹੇ ?
ਕੂਕੇ ਤੋਪਾ ਸਾਹਵੇਂ ਕਿਵੇਂ ਖੜ੍ਹੇ ?
ਗਾਂਧੀ ਜੀ ਅਹਿੰਸਾ ਲਈ ਕਿਵੇਂ ਲੜੇ ?
ਅੱਜ ਦੇ ਬੱਚੇ ਰਾਤ ਨੂੰ ਸੌਣ ਤੋਂ ਪਹਿਲਾਂ,
ਦਾਦੀ ਕੋਲ ਇਹ ਫਰਮਾਇਸ਼ ਨਹੀਂ ਕਰਦੇ ।
ਕਿਉਂਕਿ ਦਾਦਾ ਦਾਦੀ ਤਾਂ ਬਿਰਧ ਆਸ਼ਰਮ ਵਿੱਚ ਰਹਿੰਦੇ ਨੇ ।
ਬੱਚੇ CID ਜਿਹੇ ਸੀਰੀਅਲ ਵੇਖਦੇ ਵੇਖਦੇ ਸੌਂ ਜਾਂਦੇ ਨੇ ।
ਸੁਪਨੇ ਵਿੱਚ ਵੀ ਭੂਤਾਂ ਤੇ ਲਾਸ਼ਾਂ ਨੂੰ ਵੇਖਦੇ ਨੇ ।
ਅਜਿਹੇ ਖਾਬ ਵੇਖ ਕੇ ਉਨ੍ਹਾਂ ਦਾ ਖੂਨ ਖੋਲਦਾ ਨਹੀਂ,

ਸਗੋਂ ਖ਼ੂਨ ਸੁੱਕਦਾ ਹੈ ।

ਬਚਪਨ ਮੌਲਦਾ ਨਹੀਂ, ਬਚਪਨ ਮੁੱਕਦਾ ਹੈ ।

ਆਉ ਦਾਦਾ ਦਾਦੀ ਦੇ ਨਾਲ ਰਹੀਏ ।

ਦਾਦੀਆਂ ਦੇ ਕੋਲ ਬਹੀਏ ।

ਦਾਦਾ ਦਾਦੀਆਂ ਨੂੰ ਪਿਆਰ ਕਰੀਏ ।

ਦਾਦਾ ਦਾਦੀਆਂ ਕੋਲੋਂ ਪਿਆਰ ਲਈਏ ।

ਮੇਰਾ ਪਿੰਡ

ਮੈਂ 30 ਸਾਲ ਬਾਅਦ ਮੁੜਿਆ,
ਵਿਦੇਸ਼ ਤੋਂ ਆਪਣੇ ਦੇਸ਼ ।
ਆਪਣੇ ਪਿੰਡ ਮੈਂ ਗਿਆ ਢਮਿਆਣੇ,
ਨਿੱਕੇ- ਵੱਡੇ, ਨਿਆਣੇ - ਸਿਆਣੇ,
ਮੈਥੋਂ ਨਾ ਉਹ ਗਏ ਪਛਾਣੇ ।
ਕੱਚੇ ਕੱਚੇ ਘਰ ਸਨ ਜੋ,
ਵੱਡੇ ਵੱਡੇ ਦਰ ਸਨ ਜੋ,
ਅੱਜ ਉਹ ਸਾਰੇ ਬੰਦ ਪਏ ਨੇ ।
ਪੱਕੇ ਵੱਡੇ ਮਹਿਲ ਖੜੇ ਨੇ ।
ਨਾ ਕੋਈ ਸੱਥ ਨਾ ਰਹੇ ਥੜੇ ਨੇ ।
ਮਿਹਰੂ ਦੀ ਹੁਣ ਹੱਟੀ ਨਾ ।
ਸੜਕ ਕੋਈ ਵੀ ਕੱਚੀ ਨਾ ।
ਛੱਪੜ ਵੀ ਕਿਤੇ ਗਿਆ ਗੁਆਚ ।
ਖੂਹ ਵੀ ਕੋਈ ਨਾ ਨਜ਼ਰੀਂ ਆਇਆ ।
ਬੋਹੜ ਦੇ ਪੱਤੇ ਖਿੱਲਰੇ ਪਏ ਸਨ ।
ਨਾ ਸੁਣੀਆਂ ਬਲਦਾਂ ਗਲ ਟੱਲੀਆਂ ।
ਖੇਤਾਂ ਵਿੱਚ ਕੰਮ ਕਰਦੇ ਭਈਏ ।
ਲੰਮ ਸਲੰਮੇ ਗੱਭਰੂ ਕਿੱਧਰ ?
ਲੱਕ ਮਟਕਾਉਂਦੀਆਂ ਨਾਰਾਂ ਕਿੱਥੇ ?
ਉਂਝ ਤਰੱਕੀ ਚਾਰੇ ਪਾਸੇ ।
ਪਰ ਹਰ ਚਿਹਰਾ ਰੁੱਸਿਆ ਜਾਪੇ ।
ਚੋਬਰ ਸਾਰੇ ਡਿੱਗਦੇ ਢਹਿੰਦੇ,
ਲਾਲੀ ਕਿਸੇ ਨਾ ਮੁੱਖੜੇ ਉੱਤੇ ।
ਕੀ ਇਹ ਮੇਰਾ ਉਹੀ ਪਿੰਡ ਹੈ ?
ਜਿੱਥੇ ਜੇਠ ਤੇ ਹਾੜ ਦੁਪਹਿਰਾ,

ਪੋਹ ਮਾਘ ਦੀਆਂ ਰਾਤਾਂ ਨੂੰ ਵੀ,
ਰੌਣਕ ਲੱਗੀ ਰਹਿੰਦੀ ਸੀ ।
ਹਰ ਚਿਹਰਾ ਹੱਸਦਾ ਹੱਸਦਾ ਸੀ ।
ਹਰ ਵਿਹੜਾ ਵੱਸਦਾ ਰੱਸਦਾ ਸੀ ।
ਅੱਜ ਹਰ ਕਮਰੇ ਵਿੱਚ ਬੇਹੋਸ਼ੀ,
ਜਾਂ ਸੋਚਾਂ ਦੀਆਂ ਤੰਦਾਂ ਨੇ,
ਹਰ ਮਾਂ-ਬਾਪ ਉਡੀਕਣ ਬੈਠੇ ।
ਕਦ ਪ੍ਰਦੇਸ਼ੋਂ ਆਵੇ ਪੁੱਤਰ ।
ਲਾਸ਼ ਨੂੰ ਲਾਂਬੂ ਲਾਵੇ ਪੁੱਤਰ ।
ਮੇਰਾ ਪਿੰਡ ਉਦਾਸ ਹੈ ।
ਮੇਰਾ ਪਿੰਡ ਉਦਾਸ ਹੈ ।

ਮਾਵਾਂ ਵਾਲਿਓ ਹੋਸ਼ ਕਰੋ ।
ਜਨਨੀ ਨੂੰ ਨਾ ਦੋਸ਼ ਕਰੋ ।
ਹਰ ਮਾਂ ਦਾ ਸਤਿਕਾਰ ਕਰੋ ।
ਇਸ ਨੂੰ ਪੂਜੋ ਪਿਆਰ ਕਰੋ ।
ਜੇਕਰ ਮਾਂ ਨੂੰ ਭੁੱਲ ਜਾਉਗੇ ।
ਮਿੱਟੀ ਦੇ ਵਿੱਚ ਰੁੱਲ ਜਾਉਗੇ ।



ਚਿੜੀਆਂ ਦਾ ਚੰਬਾ,
ਵਿਹੜੇ ਦੀ ਰੌਣਕ,
ਮਾਂ ਦੀ ਸਖੀ,
ਬਾਪ ਦੀ ਇੱਜਤ,
ਭਰਾਵਾਂ ਦੀ ਲਾਡਲੀ ਪਿਆਰੀ ।
ਪਰ ਫਿਰ ਵੀ ਮੈਨੂੰ ਦੁਨੀਆਂ ਆਖੇ,
ਧੀ ਵਿਚਾਰੀ, ਧੀ ਵਿਚਾਰੀ ।





ਸੀ ਰਾਜਾ ਰਾਵਣ ਬੜਾ ਤਪੱਸਵੀ, ਮਹਾਂ ਗਿਆਨੀ।

ਪ੍ਰਇਸਤ੍ਰੀ ਤੱਕ ਕੇ ਹੋ ਗਿਆ ਮੂਰਖ ਤੇ ਮਹਾਂ-ਅਗਿਆਨੀ।

ਭਾਵੇਂ ਦੁਨੀਆਂ ਅੱਜ ਵੀ ਆਖੇ ਕਪਟੀ ਤੇ ਅਗਵਾਕਾਰੀ।

ਪਰ ਨਹੀਂ ਸੀ ਉਹ ਕੋਈ ਬਲਾਤਕਾਰੀ।

ਉਂਝ ਤਾਂ ਉਹ ਕਾਮ ਦੀ ਤਪਸ਼ ਤੋਂ ਸੀ ਡਰਦਾ।

ਆਪਣੇ ਹੱਥੀਂ ਲਾਈ ਪਛਤਾਵੇ ਦੀ ਅਗਨੀ ਵਿੱਚ ਰੋਜ਼ ਸੜਦਾ।

ਅਸੀਂ ਦੁਨੀਆਂ ਵਾਲੇ ਯੁੱਗਾਂ ਪੁਰਾਣੀ ਰੀਤ ਅੱਜ ਤੱਕ ਨਿਭਾਉਂਦੇ ਹਾਂ।

ਜਿਸਨੂੰ ਵੇਖਿਆ ਹੀ ਨਹੀਂ, ਉਸਦੇ ਪੁਤਲੇ ਜਲਾਉਂਦੇ ਹਾਂ।

ਦੁਸ਼ਹਿਰਾ ਬੰਦ ਕਰੋ, ਪੁਤਲੇ ਨਾ ਸਾੜੋ।

ਜਿਉਂਦੇ ਜਾਗਦੇ ਰਾਵਣ ਮਾਰੋ।

ਜਿਉਂਦੇ ਜਾਗਦੇ ਰਾਵਣ ਮਾਰੋ।

ਲੇਖਕ :

ਬੀਬੀ ਰਜਿੰਦਰ ਕੌਰ ਪੰਨੂੰ